ਖ਼ੈਰ ਪੰਜਾਂ ਪਾਣੀਆਂ ਦੀ

ਹੋਰ ਰਚਨਾਵਾਂ:

ਸ਼ੀਸ਼ਾ ਝੂਠ ਬੋਲਦਾ ਹੈ	(ਕਾਵਿ ਸੰਗ੍ਰਹਿ) 1978, 1992, 2003, 2011
ਹਰ ਧੁਖਦਾ ਪਿੰਡ ਮੇਰਾ ਹੈ	(ਕਾਵਿ ਸੰਗ੍ਰਹਿ) 1996, 2007, 2021
ਬੋਲ ਮਿੱਟੀ ਦਿਆ ਬਾਵਿਆ	(ਕਾਵਿ ਸੰਗ੍ਰਹਿ) 1992, 1999, 2003, 2009
ਅਗਨ ਕਥਾ	(ਕਾਵਿ ਸੰਗ੍ਰਹਿ) 2000, 2003, 2010
ਧਰਤੀ ਨਾਦ	(ਕਾਵਿ ਸੰਗ੍ਰਹਿ) 2006, 2008
ਫੁੱਲਾਂ ਦੀ ਝਾਂਜਰ	(ਗੀਤ ਸੰਗ੍ਰਹਿ) 2006, 2012
ਪਾਰਦਰਸ਼ੀ	(ਕਾਵਿ ਸੰਗ੍ਰਹਿ) 2008, 2014
ਮਨ ਤੰਦੂਰ	(ਕਾਵਿ ਸੰਗ੍ਰਹਿ) 2014, 2015
ਮੋਰ ਪੰਖ	(ਗ਼ਜ਼ਲ ਸੰਗ੍ਰਹਿ) 2010, 2021
ਗੁਲਨਾਰ	(ਗ਼ਜ਼ਲ ਸੰਗ੍ਰਹਿ) 2015
ਮਿਰਗਾਵਲੀ	(ਗ਼ਜ਼ਲ ਸੰਗ੍ਰਹਿ) 2016
ਰਾਵੀ	(ਗ਼ਜ਼ਲ ਸੰਗ੍ਰਹਿ) 2018, 2019
ਸੰਧੂਰਦਾਨੀ	(ਰੁਬਾਈਆਂ) 2019
ਮਨ ਪਰਦੇਸੀ	(ਗ਼ਜ਼ਲ ਸੰਗ੍ਰਹਿ) 2019
ਸੁਰਤਾਲ	(ਗ਼ਜ਼ਲ ਸੰਗ੍ਰਹਿ) 2021
ਚਰਖ਼ੜੀ	(ਕਾਵਿ ਸੰਗ੍ਰਹਿ) 2021
ਪਿੱਪਲ ਪੱਤੀਆਂ	(ਗੀਤ ਸੰਗ੍ਰਹਿ) 2022

ਪੱਤੇ ਪੱਤੇ ਲਿਖੀ ਇਬਾਰਤ	(ਰੁਬਾਈਆਂ) 2021	(ਤੇਜ ਪ੍ਰਤਾਪ ਸਿੰਘ ਸੰਧੂ ਦੇ ਫ਼ੋਟੋ ਚਿਤਰਾਂ ਸਹਿਤ)
ਕੈਮਰੇ ਦੀ ਅੱਖ ਬੋਲਦੀ	(ਸੁਚਿਤਰ ਵਾਰਤਕ) 1999	

ਸ਼ਾਹਮੁਖੀ ਵਿੱਚ

ਖ਼ੈਰ ਪੰਜਾਂ ਪਾਣੀਆਂ ਦੀ	(ਕਾਵਿ ਸੰਗ੍ਰਹਿ) 2005, 2006, 2022
ਰਾਵੀ	(ਗ਼ਜ਼ਲ ਸੰਗ੍ਰਹਿ) 2019
ਸੁਰਤਾਲ	(ਗ਼ਜ਼ਲ ਸੰਗ੍ਰਹਿ) 2021

ਹਿੰਦੀ

ਆਧਾਰ ਭੂਮੀ	(ਕਾਵਿ ਸੰਗ੍ਰਹਿ) 2022

ਲੇਖਕ ਦੀਆਂ ਰਚਨਾਵਾਂ ਦੇ ਹੋਰਨਾਂ ਵੱਲੋਂ ਸੰਪਾਦਿਤ ਸੰਗ੍ਰਹਿ

ਸੁਰਖ਼ ਸਮੁੰਦਰ	(ਕਾਵਿ ਸੰਗ੍ਰਹਿ) 1992, 1994, 2001
ਦੋ ਹਰਫ਼ ਰਸੀਦੀ	(ਗ਼ਜ਼ਲ ਸੰਗ੍ਰਹਿ) 1996, 2021
ਤਾਰਿਆਂ ਦੇ ਨਾਲ ਗੱਲਾਂ ਕਰਦਿਆਂ	(ਗ਼ਜ਼ਲ ਸੰਗ੍ਰਹਿ) 2014, 2021

ਖ਼ੈਰ ਪੰਜਾਂ ਪਾਣੀਆਂ ਦੀ

ਹਿੰਦ-ਪਾਕਿ ਰਿਸ਼ਤਿਆਂ ਤੇ ਸਰਬ ਸਾਂਝੀ ਪੰਜਾਬੀਅਤ ਬਾਰੇ ਕਵਿਤਾਵਾਂ

ਗੁਰਭਜਨ ਗਿੱਲ

ਪੰਜਾਬੀ ਲੋਕ ਵਿਰਾਸਤ ਅਕਾਦਮੀ
ਲੁਧਿਆਣਾ

Khair Panjan Panian Di

Enlarged Edition of Poems on Indo-Pak Fraternity
and Universal Punjabi Identity by

© Gurbhajan Singh Gill
113-F Shaheed Bhagat Singh Nagar,
Pakhowal Road, Ludhiana-141013
Mobile : 98726-31199

ISBN : 978-81-7143-717-7

Title Painting by Sidharath

Price : 300/-

First Print 2005
Second Print 2006
Third Print 2009
Fourth Print 15 August 2022

Sole Distributor
Singh Brothers, Amritsar

Publishers :

Ravi Sahit Parkashan
11, GNDU Shopping Complex
G.T. Road, Amritsar

Punjabi Lok Virasat Academy
Ludhiana

Printed at
Printwell
146, Industrial Focal Point, Amristar

ਸਮਰਪਣ

ਇਹ ਦਰਦਨਾਮਾ
ਸੰਨ ਸੰਤਾਲੀ ਦੇਸ਼ ਵੰਡ ਵੇਲੇ ਕੁਰਬਾਨ ਹੋਏ
ਦਸ ਲੱਖ ਬੇਕਸੂਰ ਪੰਜਾਬੀਆਂ ਦੇ ਨਾਮ
ਜਿੰਨ੍ਹਾਂ ਨੂੰ ਕੋਹ ਕੋਹ ਕੇ ਅਸਾਂ ਆਪੇ ਮਾਰਿਆ
ਅਤੇ
ਹੁਣ ਤੀਕ ਸਾਥੋਂ
ਸ਼ਰਮਸਾਰੀ ਦਾ ਇੱਕ ਵੀ
ਸਾਂਝਾ ਹੰਝ ਨਹੀਂ ਸਰਿਆ

ਪਿਆਰ ਦਾ ਰਿਸ਼ਤਾ ਇੰਜ ਨਿਭਾਉ, ਜਿਉਂ ਸਾਹਾਂ ਵਿਚਕਾਰ ਫ਼ਾਸਲਾ।
ਇੱਕੋ ਜੜ੍ਹ, ਟਾਹਣੀ ਵੀ ਇੱਕੋ, ਕਿਉਂ ਬਣਦਾ ਤਕਰਾਰ ਫ਼ਾਸਲਾ।
ਅਮਨ ਚੈਨ ਦੀਆਂ ਫ਼ਸਲਾਂ ਮੌਲਣ, ਧਰਤੀ ਨਿੱਤ ਕਰਦੀ ਅਰਦਾਸਾਂ,
ਰੂਹ ਤੋਂ ਰੂਹ ਤੱਕ ਪਹੁੰਚਣ ਖ਼ਾਤਰ, ਕਿਉਂ ਕੰਡਿਆਲ਼ੀ ਤਾਰ ਫ਼ਾਸਲਾ।

ਰੇਖਾਂਕਣ: ਅਸੀਸ ਕੌਰ ਗਿੱਲ

ਤਤਕਰਾ

ਸੰਨ ਸੰਤਾਲੀ ਦੇ ਦਿੱਤੇ ਹੰਝੂਆਂ ਦਾ.....	9
1. ਮੈਂ ਆਜ਼ਾਦੀ ਜਸ਼ਨ ਵਿਚ ਸ਼ਾਮਲ....	17
2. ਮੀਆਂ ਮੀਰ ਉਦਾਸ ਖੜ੍ਹਾ ਹੈ	20
3. ਜੀਵੇ ਧਰਤੀ ਪੰਜ ਦਰਿਆਵਾਂ ਦੀ	22
4. ਗੀਤ	26
5. ਤਾਰਿਆਂ ਦੀ ਗੁਜ਼ਰਗਾਹ	28
6. ਧਰਤੀ ਮਾਏ ਸਾਂਭ ਕੇ ਰੱਖੀਂ	32
7. ਸੰਤਾਲੀ ਵੇਲੇ	34
8. ਸਰਹੰਦ ਵਿਚੋਂ ਲੰਘਦਿਆਂ	37
9. ਸਾਂਝਾ ਦੁੱਖ ਦਰਿਆ	40
10. ਖੰਭ ਖਿੱਲਰੇ ਨੇ ਕਾਵਾਂ ਦੇ	41
11. ਨਵੇਂ ਸਾਲ ਵਿੱਚ	43
12. ਅੱਖਰ ਸ਼ਿਲਪੀ : ਨੂਰਦੀਨ	44
13. ਸਾਡੀ ਤੁਹਾਡੀ ਕਾਹਦੀ ਜੰਗ ਹੈ	47
14. ਗੀਤ	50
15. ਗੀਤ	52
16. ਰਾਜ ਭਾਗ ਵਾਲਿਓ	53
17. ਸੰਤਾਲੀ ਮੁੜ ਨਾ ਆਵੇ	54
18. ਜੰਗਲ ਦੇ ਵਿਚ ਸ਼ੇਰ ਨਾ ਬਣ ਤੂੰ	55
19. ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ	57
20. ਭੰਗੜਾ ਸਿਆਲਕੋਟ ਦਾ	58
21. ਖੰਭ ਖਿੱਲਰੇ ਨੇ ਕਾਵਾਂ ਦੇ	59
22. ਕਸ਼ਮੀਰ ਮੰਗਦਾ ਆਦਮੀ	60
23. ਸੁਰਗ ਲੱਭਦਿਆਂ ਨੂੰ	62
24. ਆਵਾਜ਼ ਦਿਓ	63
25. ਅੱਗ ਦੇ ਖਿਡੌਣੇ	63
26. ਆਕੀ ਰਹੇ ਨਾ ਕੋਇ	64
27. ਜੰਗ ਵਿਚ	65
28. ਮੈਂ ਉਸ ਕਵੀ ਨੂੰ ਪੁੱਛਾਂਗਾ	66
29. ਮੈਂ ਰਾਤ ਨੂੰ ਪੁੱਛਿਆ	67
30. ਵਿਸ਼ਵ ਮੰਡੀ	67
31. ਸਾਨ੍ਹ	68
32. ਅਮਰ ਵੇਲ	68
33. ਧਰਤੀ ਗੋਲ ਨਹੀਂ ਹੈ	69
34. ਆਪਣੇ ਤੋਂ ਦੂਰ ਖਲੋ ਕੇ	69
35. ਸਾਡੇ ਲਈ ਜੰਗ ਹੋਈ ਤਿਆਰ ਵੇ ਹਾਂ	70
36. ਗੀਤ	73
37. ਦਿੱਲੀਉਂ ਸ਼ਹਿਰ ਲਾਹੌਰ	74
38. ਪੰਜ ਦਰਿਆ ਦੇ ਪਾਣੀ ਵਿੱਛੜੇ	75
39. ਤੋੜ ਕੇ ਮੁਹੱਬਤਾਂ ਨੂੰ	76
40. ਜਾਣ ਵਾਲਿਆ ਵੇ	77
41. ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ	78
42. ਕੰਧੇ ਸਰਹੰਦ ਦੀਏ	79
43. ਝੂੱਲ ਉਏ ਤਿਰੰਗਿਆ	80
44. ਟੱਪੇ	81
45. ਰਾਵੀ ਪਾਰੋਂ ਆਇਐਂ ਵੀਰਿਆ	82
46. ਵਿੱਚ ਵਿੱਚ ਟਾਲ੍ਹੀਆਂ	84
47. ਯਤਨ ਕਰਾਂਗਾ	85
48. ਲਾਹ ਦੇ ਰੂਹ ਤੋਂ ਭਾਰ ਵੀਰਨਾ	86
49. ਮਿੱਟੀ ਦਾ ਕਰਜ਼ ਉਤਾਰਦਿਆਂ	87
50. ਜਬਰ ਜ਼ੁਲਮ ਦੀ ਜਦ ਵੀ 'ਨੇਰ੍ਹੀ...	88
51. ਚੱਲ ਬੁੱਲ੍ਹਿਆ ਧਰਤੀ 'ਤੇ ਚੱਲੀਏ	89
52. ਸ਼ਹੀਦ ਭਗਤ ਸਿੰਘ ਬੋਲਦਾ ਹੈ	91
53. ਅਜਗਰ	96
54. ਪੰਜ ਸਦੀਆਂ ਪਰਤ ਕੇ	98
55. ਇਤਿਹਾਸ ਰੇਖਾ	101

56. ਨੂਰ ਜਹਾਂ ਹਾਲੇ ਵੀ ਗਾਉਂਦੀ 103
57. ਗੂੜ੍ਹੀ ਨੀਂਦਰ ਸੁੱਤੇ ਪੁੱਤਰ ਪੰਜ ... 105
58. ਜਿਨ੍ਹਾਂ ਕੋਲ ਹਥਿਆਰ ਹਨ 106
59. ਸ਼ੀਸ਼ਾ ਸਵਾਲ ਕਰਦਾ ਹੈ 108
60. ਕਿਤੇ ਨਹੀਂ ਜਾਵੇਗਾ ਖੱਯਾਮ 110
61. ਸਾਡਿਆਂ ਸਵਾਲਾਂ ਦੇ ਜਵਾਬ... 113
62. ਮੈਥੋਂ ਦੂਰ ਨਹੀਂ ਨਨਕਾਣਾ 115
63. ਛੇੜ ਮਰਦਾਨਿਆ ਤੂੰ ਸੁਰਾਂ ਰੱਬ... 116
64. ਰੰਗ ਦਿਆ ਚਿੱਟਿਆ 117
65. ਪੁੱਤਰੋ ਪੰਜਾਬ ਦਿਓ 118
66. ਸਰਹੱਦਾਂ ਨਾ ਬਾਲਿਓ 119
67. ਇਹ ਦੱਸੋ ਜੀ ਹੁਣ ਕੀ ਕਰੀਏ? 120
68. ਦੁੱਲਾ ਨਹੀਂ ਆਇਆ 121
69. ਅਲੋਕਾਰ ਬਾਤ, ਕੇਹੀ ਰਾਤ... 122
70. ਗ਼ਜ਼ਲਾਂ 124-168

●

●

ਸੰਨ ਸੰਤਾਲੀ ਦੇ ਦਿੱਤੇ ਹੰਝੂਆਂ ਦਾ ਦਰਦਨਾਮਾ

ਮੇਰੀ ਇਸ ਕਿਤਾਬ ਦਾ ਮੁੱਢ 2003 'ਚ ਬੱਝਾ ਸੀ, ਅੱਜ ਤੋਂ ਲਗਪਗ ਉੱਨੀ ਸਾਲ ਪਹਿਲਾਂ। ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਫ਼ਖ਼ਰ ਜ਼ਮਾਂ ਸਾਹਿਬ ਦੇ ਬੁਲਾਵੇ ਤੇ ਫਲੈਟੀਜ਼ ਹੋਟਲ ਲਾਹੌਰ (ਪਾਕਿਸਤਾਨ) ਪੁੱਜੇ ਤਾਂ ਮਹਿਸੂਸ ਹੋਇਆ ਕਿ ਗੁਰਮੁਖੀ ਦੇ ਨਾਲ ਨਾਲ ਸ਼ਾਹਮੁਖੀ ਚ ਵੀ ਕਿਤਾਬ ਤਿਆਰ ਕਰਨੀ ਚਾਹੀਦੀ ਹੈ। ਕਾਨਫਰੰਸ ਤੋਂ ਪਰਤ ਕੇ ਮੈਂ ਇਹ ਗੱਲ ਆਪਣੇ ਸ਼ੁਭਚਿੰਤਕ ਵੱਡੇ ਵੀਰ ਸ੍ਰ ਪੁਰਦਮਨ ਸਿੰਘ ਬੇਦੀ ਨਾਲ ਸਾਂਝੀ ਕੀਤੀ। ਉਨ੍ਹਾਂ ਸੁਝਾਅ ਦਿੱਤਾ ਕਿ ਹਿੰਦ ਪਾਕਿ ਰਿਸ਼ਤਿਆਂ ਅਤੇ ਸਰਬ ਸਾਂਝੀ ਪੰਜਾਬੀਅਤ ਨਾਲ ਸਬੰਧਿਤ ਕਵਿਤਾਵਾਂ ਹੀ ਇਸ ਕਾਵਿ ਸੰਗ੍ਰਹਿ ਲਈ ਚੁਣੀਆਂ ਜਾਣ। ਟਾਈਪ ਕੀਤਿਆਂ 64 ਪੰਨੇ ਹੀ ਬਣੇ। ਉਰਦੂ ਸ਼ਾਇਰ ਜਨਾਬ ਸਰਦਾਰ ਪੰਛੀ ਜੀ ਨੇ ਇਸ ਦਾ ਸ਼ਾਹਮੁਖੀ ਸਰੂਪ ਤਿਆਰ ਕਰ ਦਿੱਤਾ। ਖੱਬੇ ਪਾਸਿਉਂ ਗੁਰਮੁਖੀ ਤੇ ਸੱਜੇ ਪਾਸਿਉਂ ਸ਼ਾਹਮੁਖੀ ਕਰਦਿਆਂ ਵਿਚਕਾਰਲਾ ਪੰਨਾ ਕੋਰਾ ਰਹਿ ਗਿਆ। ਬਿਲਕੁਲ ਉਵੇਂ ਜਿਵੇ ਨੋ ਮੈਨਜ਼ ਲੈਂਡ ਹੁੰਦੀ ਹੈ। ਦੇਸਾਂ ਵਾਲੇ ਇਸ ਨੂੰ ਜਿਹੜਾ ਨਾਮ ਮਰਜ਼ੀ ਦੇਈ ਜਾਣ ਪਰ ਮੈਂ ਇਸ ਨੂੰ ਰੱਬੀ ਧਰਤੀ ਕਹਿੰਦਾ ਹਾਂ। ਜਿਸ ਤੇ ਕਿਸੇ ਦੀ ਮਾਲਕੀ ਨਹੀਂ। ਪਟਵਾਰੀਆਂ ਦੇ ਖ਼ਾਤੇ 'ਚ ਕਿਸੇ ਦੇ ਨਾਂ ਨਹੀਂ ਬੋਲਦੀ ਇਹ ਜ਼ਮੀਨ। ਮੈਂ ਇਸ ਪੰਨੇ ਤੇ ਇੱਕ ਪਾਸੇ ਆਪਣੀ ਤਸਵੀਰ ਤੇ ਦੂਜੇ ਪਾਸੇ ਕਾਲ਼ੇ ਰੰਗ ਦਾ ਗੁਲਾਬ ਧਰ ਦਿੱਤਾ। ਟਾਹਣੀਉਂ ਟੁੱਟ ਮੁਰਝਾ ਕੇ ਅਸੀਂ ਵੀ ਤਾਂ ਬਦਰੰਗ ਹੀ ਹੋ ਗਏ ਹਾਂ ਸੰਤਾਲੀ ਮਗਰੋਂ ਵਿੱਛੜ ਕੇ।

ਇਸ ਪੁਸਤਕ ਦਾ ਪਹਿਲਾ ਸੰਸਕਰਨ 2005 ਚ ਛਪਿਆ ਸੀ ਦੋਹਾਂ ਲਿਪੀਆਂ 'ਚ ਇਕੱਠਾ। ਫਿਰ 2006 ਵਿੱਚ ਕੁਝ ਕਾਪੀਆਂ 2006 ਵਿੱਚ ਮੈਂ ਉਦੋਂ ਪਾਕਿਸਤਾਨ ਲੈ ਕੇ ਗਿਆ ਜਦ ਨਨਕਾਣਾ ਸਾਹਿਬ ਨੂੰ ਪਹਿਲੀ ਬੱਸ ਚੱਲੀ ਸੀ। ਮੈਂ ਇਸ ਵਫ਼ਦ ਵਿੱਚ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਸ ਰਣਜੋਧ ਸਿੰਘ ਸਮੇਤ ਸ਼ਾਮਿਲ ਸਾਂ। ਇਸ ਬੱਸ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਡਾ ਮਨਮੋਹਨ ਸਿੰਘ ਜੀ ਨੇ ਅੰਬਰਸਰੋਂ ਤੋਰਿਆ ਸੀ ਝੰਡੀ ਹਿਲਾ ਕੇ।

ਇਸ ਦਾ ਤੀਜਾ ਸੰਸਕਰਨ ਸਿਰਫ਼ ਗੁਰਮੁਖੀ ਵਿੱਚ ਚੇਤਨਾ ਪ੍ਰਕਾਸ਼ਨ ਲੁਧਿਆਣਾ ਵੱਲੋਂ ਸਾਲ 2009 ਵਿੱਚ ਛਪਿਆ। ਸੋ ਲਗਪਗ ਖ਼ਤਮ ਹੋ ਚੁੱਕਾ ਹੈ।

ਹੁਣ ਦੇਸ਼ ਵੰਡ ਦੀ 75ਵੀਂ ਵਰ੍ਹੇ ਗੰਢ ਨੂੰ ਚੇਤੇ ਕਰਦਿਆਂ ਮੈਂ ਇਸ ਪੁਸਤਕ ਦਾ ਵਿਸਤ੍ਰਿਤ ਸਰੂਪ ਪਾਠਕਾਂ ਹਵਾਲੇ ਕਰ ਰਿਹਾ ਹਾਂ। 2005 ਮਗਰੋਂ ਹਿੰਦ ਪਾਕਿ ਰਿਸ਼ਤਿਆਂ ਅਤੇ ਸਰਬ ਸਾਂਝੀ ਪੰਜਾਬੀਅਤ ਬਾਰੇ ਲਿਖੀਆਂ ਰਚਨਾਵਾਂ ਇਸ ਵਿੱਚ ਸ਼ਾਮਿਲ ਕੀਤੀਆਂ

ਗਈਆਂ ਹਨ। ਦੇਸ਼ ਵੰਡ ਵੇਲੇ ਕੁਰਬਾਨ ਹੋਏ ਦਸ ਲੱਖ ਪੰਜਾਬੀਆਂ ਨੂੰ ਯਾਦ ਕਰਦਿਆਂ ਅੱਥਰੂ ਅੱਥਰੂ ਹਾਂ ਲਗਾਤਾਰ।

ਸਿਰਫ਼ ਸ਼ਬਦਾਂ ਦੀ ਅੰਜੁਲੀ ਇਹ ਸੋਚ ਕੇ ਭੇਂਟ ਕਰ ਰਿਹਾਂ ਕਿ ਸੰਤਾਲੀ ਮੁੜ ਨਾ ਆਵੇ।

ਸ਼ੇਖ਼ੂਪੁਰਾ ਚ ਰਹਿੰਦਾ ਨਿੱਕਾ ਵੀਰ ਤੇ ਸ਼ਾਇਰ ਮੁਹੰਮਦ ਆਸਿਫ਼ ਰਜ਼ਾ ਇਸ ਦਾ ਸ਼ਾਹਮੁਖੀ ਸਰੂਪ ਤਿਆਰ ਕਰੇਗਾ ਤਾਂ ਜੋ ਵਾਘੇ ਦੇ ਪਾਰ ਵੱਸਦੇ ਪੰਜਾਬੀਆਂ ਨੂੰ ਆਪਣੀ ਬਾਤ ਸੁਣਾ ਸਕਾਂ।

ਮੇਰੀ ਮਾਂ ਸਰਦਾਰਨੀ ਤੇਜ ਕੌਰ ਜਦ ਕਦੇ ਵੀ ਸੰਨ ਸੰਤਾਲੀ ਨੂੰ ਚੇਤੇ ਕਰਦੀ ਤਾਂ ਕੰਬ ਉੱਠਦੀ। ਮਰਦੇ ਦਮ ਤੀਕ ਮੈਂ ਉਸਦੇ ਮੂੰਹੋਂ ਆਜ਼ਾਦੀ ਸ਼ਬਦ ਨਹੀਂ ਸੀ ਸੁਣਿਆ। ਉਹ ਇਸ ਸਾਲ ਨੂੰ ਚੇਤੇ ਕਰਦਿਆਂ ਅਕਸਰ ਆਖਦੀ, ਜਦੋਂ ਭਾਜੜਾਂ ਪਈਆਂ ਸਨ। ਇਹ ਗੱਲ ਰੌਲਿਆਂ ਵੇਲੇ ਦੀ ਹੈ। ਹੱਲੇ ਗੁੱਲਿਆਂ ਵੇਲੇ ਦੀ ਜਦ ਬੰਦਾ ਬੰਦੇ ਨੂੰ ਖਾਣ ਤੀਕ ਜਾਂਦਾ ਸੀ।

ਉੱਜੜਨ ਮਗਰੋਂ ਏਧਰ ਪਿੰਡ ਬਸੰਤਕੋਟ (ਗੁਰਦਾਸਪੁਰ) ’ਚ ਵੱਸਣ ਦੇ ਬਾਦ ਵੀ ਸਾਡੀ ਪੱਤੀ ਦਾ ਨਾਮ ਪਨਾਹੀਆਂ ਦੀ ਪੱਤੀ ਹੈ।

ਇੱਕ ਵਾਰ ਕੋਈ ਸਥਾਨਕ ਵਾਸਣ ਮੇਰੀ ਮਾਂ ਨਾਲ ਲੜਦਿਆਂ ਮਿਹਣੇ ਮਾਰਨ ਲੱਗੀ ਬੋਲੀ, ਬਹੁਤੀ ਆਕੜ ਆਕੜ ਕੇ ਗੱਲ ਨਾ ਕਰ। ਹੋ ਤਾਂ ਓਹੀ ਓ ਨਾ ਜਿਹੜੇ ਮੁਸਲਮਾਨਾਂ ਨਾਲ ਵਟਾਏ ਹੋਏ। ਮੈਂ ਨਿੱਕਾ ਜਿਹਾ ਸਾਂ ਉਦੋਂ। ਇਸ ਬੋਲ ਦੀ ਰੜਕ ਅਜੇ ਵੀ ਮੇਰੇ ਸੀਨੇ ਵਿੱਚ ਸੁਲਗਦੀ ਹੈ। ਇਸ ਸੰਗ੍ਰਹਿ ’ਚ ਸ਼ਾਮਲ ਰਚਨਾਵਾਂ ਉਸੇ ਦਰਦ ਦਾ ਦਰਦਨਾਮਾ ਹੈ।

ਇਸੇ ਕਤਲੋਗਾਰਤ ਦੇ ਮੌਸਮ ਨੂੰ ਹੀ ਤਾਂ ਕਹਾਣੀਕਾਰ ਮਹਿੰਦਰ ਸਿੰਘ ਸਰਨਾ ਜੀ ਨੇ ਛਵ੍ਹੀਆਂ ਦੀ ਰੁੱਤ ਕਿਹਾ ਸੀ।

ਪਾਕਿਸਤਾਨ ਦੇ ਸਹੋਦੀ ਕਵੀ ਅਹਿਮਦ ਰਾਹੀ ਦੇ ਲਿਖੇ ਤੇ ਬਚਪਨ ਵੇਲੇ ਤੋਂ ਅਮਰਜੀਤ ਗੁਰਦਾਸਪੁਰੀ ਦੇ ਗਾਏ ਬੋਲ ਮੱਥੇ ਵਿੱਚ ਜਾਗਦੇ ਨੇ ਅੱਜ ਵੀ ਸੰਤਾਲੀ ਚੇਤੇ ਕੀਤਿਆਂ।

ਮੇਰੀ ਚੁੰਨੀ ਲੀਰਾਂ ਕਤੀਰਾਂ ਵੇ ਭੈਣਾਂ ਦਿਓ ਵੀਰੋ !
ਵੇ ਚੁੰਨੀ ਮੇਰੀ ਲੀਰਾਂ ਕਤੀਰਾਂ।

ਬੁਝੀਆਂ ਖਿੱਤੀਆਂ ਡੁੱਬ ਗਏ ਤਾਰੇ
ਰਾਤ ਹਨੇਰੀ ਖਿੱਲੀਆਂ ਮਾਰੇ
ਸਹਿਕ ਰਹੀਆਂ ਤਕਦੀਰਾਂ, ਭੈਣਾਂ ਦਿਓ ਵੀਰੋ !
ਵੇ ਚੁੰਨੀ ਮੇਰੀ ਲੀਰਾਂ ਕਤੀਰਾਂ

ਭੈਣ ਕਿਸੇ ਦੀ ਪਈ ਕੁਰਲਾਵੇ
ਖੁੰਝਿਆ ਵੇਲਾ ਹੱਥ ਨਾ ਆਵੇ
ਕਰ ਲਉ ਕੁਝ ਤਦਬੀਰਾਂ,
ਵੇ ਭੈਣਾਂ ਦਿਓ ਵੀਰੋ !
ਵੇ ਚੁੰਨੀ ਮੇਰੀ ਲੀਰਾਂ ਕਤੀਰਾਂ।

1947 ਵਿੱਚ ਆਮ ਸ਼ਹਿਰੀ ਲੋਕਾਂ ਨੂੰ ਇਹ ਤਾਂ ਪਤਾ ਸੀ ਕਿ ਵੱਡੀਆਂ ਕੁਰਬਾਨੀਆਂ ਤੇ ਅੰਤਰ ਰਾਸ਼ਟਰੀ ਸੰਕਟ ਕਾਰਨ ਫਰੰਗੀ ਸਾਡਾ ਦੇਸ਼ ਛੱਡ ਜਾਵੇਗਾ , ਪਰ ਛੱਡਣ ਲੱਗਿਆਂ ਕਤਲੋਗਾਰਤ ਵਿੱਚ ਦਸ ਲੱਖ ਪੰਜਾਬੀਆਂ ਦੀ ਜਾਨ ਲੈ ਜਾਵੇਗਾ, ਇਹ ਖ਼੍ਵਾਬ ਖ਼ਿਆਲ ਵਿੱਚ ਵੀ ਨਹੀਂ ਸੀ ਕਿ ਬੰਦੇ ਖਾਣੀ ਰੁੱਤ ਸਾਨੂੰ ਏਨਾ ਹੈਂਸਿਆਰਾ ਤੇ ਜ਼ਾਲਮ ਬਣਾ ਦੇਵੇਗੀ, ਕਦੇ ਨਹੀਂ ਸੀ ਸੋਚਿਆ। ਇਸੇ ਗੱਲ ਨੂੰ ਹੀ ਪ੍ਰੋ ਮੋਹਨ ਸਿੰਘ ਨੇ ਆਪਣੀ ਵਿਸ਼ਵ ਪ੍ਰਸਿੱਧ ਨਜ਼ਮ-

ਆ ਬਾਬਾ ਤੇਰਾ ਵਤਨ ਹੈ ਵੀਰਾਨ ਹੋ ਗਿਆ,
ਰੱਬ ਦੇ ਘਰਾਂ ਦਾ ਰਾਖਾ ਮੁੜ ਸ਼ੈਤਾਨ ਹੋ ਗਿਆ।

ਉਹ ਝੁਲੀਆਂ ਤੇਰੇ ਦੇਸ਼ ਤੇ ਮਾਰੂ ਹਨੇਰੀਆਂ,
ਉੱਡ ਕੇ ਅਸਾਡਾ ਆਹਲਣਾ ਕੱਖ ਕਾਨ ਹੋ ਗਿਆ।

ਮੁੜ ਗਾਉਣੇ ਪਏ ਨੇ ਮੈਨੂੰ ਸੋਹਿਲੇ ਖ਼ੂਨ ਦੇ,
ਪਾ ਪਾ ਕੇ ਕੁੰਗੂ ਰੱਤ ਦਾ ਰਤਲਾਣ ਹੋ ਗਿਆ।

ਤੂੰ ਰੱਬ ਨੂੰ ਵੰਗਾਰਿਆ, ਤੈਨੂੰ ਵੰਗਾਰਾਂ ਮੈਃ
ਆਇਆ ਨਾ ਤੈਂ ਕੀ ਦਰਦ ਐਨਾ ਘਾਣ ਹੋ ਗਿਆ।

ਅੰਮ੍ਰਿਤਾ ਪ੍ਰੀਤਮ ਦੀ ਜਗਤ ਪ੍ਰਸਿੱਧ ਕਵਿਤਾ ਅੱਜ ਆਖਾਂ ਵਾਰਿਸ ਸ਼ਾਹ ਨੂੰ ਵਿਚਲਾ ਦਰਦ ਅੱਜ ਵੀ ਅੱਖਾਂ ਸਿੱਲ੍ਹੀਆਂ ਕਰ ਦੇਂਦਾ ਹੈ। ਹੀਰ ਦੇ ਹਵਾਲੇ ਨਾਲ ਲੱਖਾਂ ਪ੍ਰੀਤ ਦੀਆਂ ਸ਼ਹਿਜ਼ਾਦੀਆਂ ਦਾ ਦਰਦ ਪੇਸ਼ ਕਰਦਿਆਂ ਉਹ ਕਬਰ ਨੂੰ ਆਵਾਜ਼ਾਂ ਮਾਰਦਿਆਂ ਕਹਿੰਦੀ ਹੈ ਕਿ ਉੱਠ ਦਰਦਮੰਦਾਂ ਦਿਆ ਦਰਦੀਆ, ਉੱਠ ਤੱਕ ਆਪਣਾ ਪੰਜਾਬ। ਅੱਜ ਬੇਲੇ ਲਾਸ਼ਾਂ

ਵਿਛੀਆਂ ਤੇ ਲਹੂ ਦੀ ਭਰੀ ਚਨਾਬ।

ਇਹ ਰੁਦਨ ਇਕੱਲਾ ਧੀਆਂ ਦਾ ਨਹੀਂ ਸਗੋਂ ਸਮੁੱਚੀ ਧਰਤੀ ਦੇ ਕੀਰਨੇ ਹਨ। ਅੰਮ੍ਰਿਤਾ ਪ੍ਰੀਤਮ ਦੀ ਇਸ ਨਜ਼ਮ ਨੂੰ ਉਜਾੜਿਆਂ ਵੇਲੇ ਦਾ ਦਰਦੀਲਾ ਹਲਫ਼ਨੀਮਾ ਕਹਿ ਲਈਏ ਤਾਂ ਕੋਈ ਅਤਿ ਕਥਨੀ ਨਹੀਂ।

ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ !
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ !
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ:

ਉਠ ਦਰਦਮੰਦਾਂ ਦਿਆ ਦਰਦੀਆ ! ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ
ਤੇ ਉਹਨਾ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ

ਅੱਜ ਸੱਭੇ ਕੈਦੋ ਬਣ ਗਏ, ਹੁਸਨ ਇਸ਼ਕ ਦੇ ਚੋਰ।
ਅੱਜ ਕਿਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇਕ ਹੋਰ।

ਅੱਜ ਆਖਾਂ ਵਾਰਸ ਸ਼ਾਹ ਨੂੰ ਤੂੰਹੇਂ ਕਬਰਾਂ ਵਿਚੋਂ ਬੋਲ !
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ !

ਪੰਜਾਬੀ ਕਵੀ ਡਾ. ਹਰਿਭਜਨ ਸਿੰਘ ਨੇ ਵੀ ਦੇਸ਼ ਦੇ ਵੰਡਾਰੇ ਨੂੰ ਪੀੜ ਪਰੁੱਚੇ ਸ਼ਬਦਾਂ ਵਿੱਚ ਬਿਆਨਿਆ ਹੈ। ਉਸ ਦਾ ਆਪਣਾ ਸਰੋਦੀ ਅੰਦਾਜ਼ ਹੈ, ਅਸਲੋਂ ਨਿਵੇਕਲਾ। ਸੌਂ ਜਾ ਮੇਰੇ ਮਾਲਕਾ ਵੀਰਾਨ ਹੋਈ ਰਾਤ ਨੂੰ ਮੈਂ ਆਪਣੀ ਨਜ਼ਰ ਵਿੱਚ ਬਹੁਤ ਉਚੇਰੀ ਥਾਂ ਤੇ ਰੱਖਦਾ ਹਾਂ। ਇਲ ਵਿੱਚ ਅੰਮ੍ਰਿਤਾ ਪ੍ਰੀਤਮ ਵਾਂਗ ਕਤਲੇਆਮ ਦਾ ਸਾਫ਼ ਸਪਸ਼ਟ ਜ਼ਿਕਰ ਨਹੀਂ ਪਰ ਪ੍ਰਭਾਵ ਚਿਤਰ ਪੂਰਾ ਦ੍ਰਿਸ਼ ਉਸਾਰਦੇ ਹਨ।

ਸੌਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ।
ਵੇ ਕਾਲਖਾਂ 'ਚ ਤਾਰਿਆਂ ਦੀ ਡੁੱਬ ਗਈ ਸਵੇਰ।

ਵੇ ਪੱਸਰੀ ਜਹਾਨ ਉੱਤੇ ਮੌਤ ਦੀ ਹਵਾੜ।
ਵੇ ਖਿੰਡ ਗਈਆਂ ਮਹਿਫ਼ਲਾਂ ਤੇ ਛਾ ਗਈ ਉਜਾੜ।

ਹੈ ਖ਼ੂਹਾਂ ਵਿੱਚ ਆਦਮੀ ਦੀ ਜਾਗਦੀ ਸੜ੍ਹਾਂਦ।
ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ।

ਹੁਸ਼ਿਆਰਪੁਰ ਦੇ ਪਿੰਡ ਬੈਰਮਪੁਰ ਤੋਂ ਉੱਜੜ ਕੇ ਲਾਇਲਪੁਰ ਵੱਸੇ ਟੱਬਰ ਦੀ 1973 ਵਿੱਚ ਜੰਮੀ ਧੀ ਸ਼ਫ਼ੀਆ ਹਯਾਤ ਦੱਸਦੀ ਹੈ ਕਿ ਉਸ ਦੇ ਮਾਪਿਆਂ ਨੇ ਹਮੇਸ਼ਾਂ ਅੰਬਾਂ ਦੀ ਰੁੱਤੇ ਟੋਕਰੇ ਭਰ ਭਰ ਅੰਬ ਚੂਪਦਿਆਂ ਆਪਣਾ ਹੁਸ਼ਿਆਰਪੁਰ ਨਾ ਵਿੱਸਰਨ ਦਿੱਤਾ। ਉਨ੍ਹਾਂ ਦਾ ਸਰੀਰ ਭਾਵੇਂ ਲਾਇਲਪੁਰ 'ਚ ਵੱਸਦਾ ਸੀ ਪਰ ਰੂਹ ਸੱਜਣਾਂ ਦੇ ਡੇਰੇ ਭਾਵ ਹੁਸ਼ਿਆਰਪੁਰ ਚ ਹੀ ਰਹਿੰਦੀ ਸੀ। ਬਿਲਕੁਲ ਮੇਰੇ ਮਾਂ ਬਾਪ ਵਾਂਗ। ਮੇਰੇ ਬਾਪੂ ਜੀ ਸਃ ਹਰਨਾਮ ਸਿੰਘ ਵੀ ਮਰਦੇ ਦਮ ਤੀਕ ਨਿੱਦੋ ਕੇ (ਨਾਰੋਵਾਲ) ਪਾਕਿਸਤਾਨ ਤੋਂ ਮੁਕਤ ਨਾ ਹੋ ਸਕੇ। ਰੋਮ ਰੋਮ ਵਿੱਚ ਉਹ ਜੂਹਾਂ ਤੇ ਪੈਲ਼ੀ ਬੰਨਾ ਜਿਉਂਦਾ ਜਾਗਦਾ ਰਿਹਾ।

ਦੇਸ਼ ਵੰਡ ਬਾਰੇ ਸ਼ਫ਼ੀਆ ਹਯਾਤ ਲਿਖਦਿਆਂ ਕਹਿੰਦੀ ਹੈ :

ਤੁਸਾਂ ਵੰਡਿਆ ਪੰਜਾਬ ਮੇਰੀ ਮਾਂ ਵੰਡ ਹੋ ਗਈ।
ਬਾਬਲੇ ਦੀ ਵਿਹੜੇ ਵਿੱਚ ਕੰਧ ਉੱਚੀ ਹੋ ਗਈ।

ਹੋਏ ਅੰਮ੍ਰਿਤਸਰ ਨਨਕਾਣਾ ਦੂਰ ਦੂਰ।
ਲੋਕੀਂ ਹੋਏ ਮਜਬੂਰ, ਸਜ਼ਾ, ਬਿਨਾ ਹੀ ਕਸੂਰ।
ਝੰਗ ਤਖ਼ਤ ਹਜ਼ਾਰੇ ਵਾਲੀ ਥਾਂ ਵੰਡ ਹੋ ਗਈ।
ਤੁਸਾਂ ਵੰਡਿਆ ਪੰਜਾਬ ਮੇਰੀ ਮਾਂ ਵੰਡ ਹੋ ਗਈ।

ਪੰਜ ਦਰਿਆਵਾਂ ਵਾਲੇ ਪਾਣੀ ਵੰਡ ਹੋ ਗਏ।
ਆਪਣੇ, ਪਰਾਏ ਤੇ ਬੇਗਾਨੇ ਜਿਹੇ ਹੋ ਗਏ।
ਪਿੱਪਲਾਂ ਬਰੋਟਿਆਂ ਦੀ ਛਾਂ ਵੰਡ ਹੋ ਗਈ।
ਤੁਸਾਂ ਵੰਡਿਆ ਪੰਜਾਬ ਮੇਰੀ ਮਾਂ ਵੰਡ ਹੋ ਗਈ।

ਥਾਂ ਤੇ ਵੰਡ ਲਈ ਸਾਹਿਬਾਂ ਹੀਰ ਕਿੰਜ ਵੰਡੋਗੇ।
ਦੁੱਲਾ ਬੁੱਲ੍ਹਾ ਗੁਰੂ ਤੇ ਫ਼ਕੀਰ ਕਿੰਜ ਵੰਡੋਗੇ।

ਨਾਨਕ 'ਚੋਂ ਗੁਰੂ ਅਤੇ ਪੀਰ ਕਿੰਜ ਵੰਡੋਗੇ।
ਮਰਦਾਨੇ ਨਾਨਕ ਦਾ ਸੀਰ ਕਿੰਜ ਵੰਡੋਗੇ।
ਲਿਪੀ ਵੰਡ ਹੋ ਗਈ, ਜ਼ਬਾਂ ਵੰਡ ਹੋ ਗਈ।
ਤੁਸਾਂ ਵੰਡਿਆ ਪੰਜਾਬ ਮੇਰੀ ਮਾਂ ਵੰਡ ਹੋ ਗਈ।

ਬਾਬਲੇ ਦੇ ਵਿਹੜੇ ਵਿੱਚ ਕੰਧ ਉੱਚੀ ਹੋ ਗਈ।
ਇਨ੍ਹਾਂ ਦਰਦਾਂ ਚ ਲੁਕੀਆਂ ਕਹਾਣੀਆਂ।

ਉਸਤਾਦ ਦਾਮਨ ਦਰਵੇਸ਼ ਸ਼ਾਇਰ ਸੀ। ਉਸ ਨੇ ਰੱਜ ਕੇ ਸਾਂਝੇ ਪੰਜਾਬ ਦਾ ਦਰਦ ਗਾਇਆ। ਉਸ ਦੀ ਹਰ ਸਤਰ ਚੋਂ ਪੀੜ ਨੁੱਚੜਦੀ ਹੈ, ਜਿਵੇਂ ਵੇਲਣੇ ਚ ਗੰਨੇ ਨਹੀਂ, ਬੰਦੇ ਪੀੜੇ ਜਾ ਰਹੇ ਹੋਣ। ਦੇਸ਼ ਉਜਾੜੇ ਤੋਂ ਸੱਤ ਅੱਠ ਸਾਲ ਬਾਦ ਉਸਤਾਦ ਦਾਮਨ ਜਦ ਚੜ੍ਹਦੇ ਪੰਜਾਬ ਆਇਆ ਤਾਂ ਉਸ ਆਜ਼ਾਦੀ ਦਿਹਾੜੇ ਨੂੰ ਚਿਤਵ ਕੇ ਕੁਝ ਏਦਾਂ ਬਿਆਨ ਕੀਤਾ।

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿੱਚੀ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।

ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਕੁਝ ਉਮੀਦ ਏ ਜਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।

ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਇਸੇ ਗੱਲ ਨੂੰ ਲੋਕ ਕਵੀ ਗੁਰਦਾਸ ਰਾਮ ਆਲਮ ਕੁਝ ਇਸ ਤਰ੍ਹਾਂ ਬਿਆਨ ਕਰਦਾ ਹੈ। ਕਿਰਤੀ ਲੋਕਾਂ ਦਾ ਨਜ਼ਰੀਆ ਪੇਸ਼ ਕਰਦਾ ਉਹ ਕਹਿੰਦਾ ਹੈ।

ਕਿਓਂ ਬਈ ਨਿਹਾਲਿਆ ਆਜ਼ਾਦੀ ਨਹੀਂ ਵੇਖੀ,
ਨਾ ਬਈ ਭਰਾਵਾ ਨਾ ਖਾਧੀ ਨਾ ਦੇਖੀ।
ਮੈਂ ਜੱਗੂ ਤੋਂ ਸੁਣਿਆ ਅੰਬਾਲੇ ਖੜ੍ਹੀ ਸੀ,
ਬੜੀ ਭੀੜ ਉਸਦੇ ਦੁਆਲੇ ਖੜ੍ਹੀ ਸੀ।

ਗ਼ਰੀਬਾਂ ਨਾਲ ਲੱਗਦੀ ਲੜੀ ਹੋਈ ਆ ਖ਼ਬਰੇ।
ਅਮੀਰਾਂ ਦੇ ਹੱਥੀਂ ਚੜ੍ਹੀ ਹੋਈ ਆ ਖ਼ਬਰੇ।
ਅਖ਼ਬਾਰਾਂ 'ਚ ਪੜ੍ਹਿਆ ਜਰਵਾਣੀ ਜਿਹੀ ਏ,
ਕੋਈ ਸੋਹਣੀ ਤਾਂ ਨਹੀਂ ਐਵੇਂ ਕਾਣੀ ਜਿਹੀ ਏ।

ਆਜ਼ਾਦੀ ਦੇ 75 ਸਾਲ ਪੂਰੇ ਹੋਣ ਤੇ ਇਸ ਸਾਲ ਜਸ਼ਨ ਮਨਾਏ ਜਾਣਗੇ। ਘਰ ਘਰ ਤਿਰੰਗਾ ਤਾਂ ਲਹਿਰਾਇਆ ਜਾ ਸਕਦਾ ਹੈ ਪਰ ਆਜ਼ਾਦੀ ਦੇ ਅਸਲ ਅਰਥਾਂ ਤੀਕ ਸਾਨੂੰ ਤਿਰੰਗੇ ਦੇ ਤਿੰਨ ਰੰਗ ਕਦੋਂ ਲੈ ਕੇ ਜਾਣਗੇ? ਸਾਨੂੰ ਕਿਉਂ ਲੱਗਦਾ ਹੈ ਕਿ ਅਸੀਂ ਦਿਨ ਦੀਵੀਂ ਠੱਗੇ ਗਏ। ਸ਼ਹੀਦ ਪੁੱਛਦੇ ਹਨ, ਜੇਕਰ ਲੋਕਾਂ ਨੂੰ ਆਜ਼ਾਦੀ ਦੀ ਥਾਂ ਅਵਾਜਾਰੀ ਹੀ ਮਿਲਣੀ ਸੀ ਤਾਂ ਅਸੀਂ ਜਾਨਾਂ ਕਿਉਂ ਵਾਰੀਆਂ? ਟੋਡੀ ਬੱਚਿਆਂ ਨੇ ਸਾਡੀ ਸ਼ਹਾਦਤ ਤੇ ਹੀ ਸੁਆਲ ਚੁੱਕਣੇ ਸੀ ਤਾਂ ਅਸੀਂ ਕਿਉਂ ਸੀਸ ਵਾਰ ਗਏ? ਇਹ ਬਰਛੇ ਵਰਗਾ ਸੁਆਲ ਸਿੱਧ ਮ ਸਿੱਧਾ ਵਕਤ ਦੇ ਸਨਮੁਖ ਖੜ੍ਹਾ ਹੈ। ਅਖ਼ਬਾਰਾਂ ’ਚ ਛਪਿਆ ਕਾਰਟੂਨ ਬਹੁਤ ਕੁਝ ਬੋਲਦਾ ਹੈ। ਇੱਕ ਸਰਕਾਰੀ ਸਟਾਲ ਤੇ ਖਲੋਤਾ ਬੰਦਾ ਤਿਰੰਗਾ ਝੰਡਾ ਮੰਗਦਿਆਂ ਕਹਿੰਦਾ ਹੈ, ਮੈਨੂੰ ਘਰ ਵੀ ਦੇ ਦਿਉ ਜਿਸ ਦੇ ਮੱਥੇ ਤੇ ਤਿਰੰਗਾ ਲਹਿਰਾ ਸਕਾਂ। ਜੱਲਿਆਂ ਵਾਲੀ ਬਾਗ ਪੁੱਛਦਾ ਹੈ, ਮੇਰੇ ਘਰ ਖ਼ੂਨੀ ਵਿਸਾਖੀ ਵਰਤਾਉਣ ਵਾਲਾ ਜਨਰਲ ਡਾਇਰ ਸਤਿਕਾਰ ਯੋਗ ਕਿਉਂ ਬਣ ਗਿਆ? ਮੁਖਬਰੀਆਂ ਕਰਕੇ ਮੁਰੱਬੇ ਲੈਣ ਵਾਲੇ ਪੌਣੀ ਸਦੀ ਕਿਉਂ ਬਾਘੀਆਂ ਪਾਉਂਦੇ ਫਿਰੇ, ਜੁਆਬ ਦਿਉ। ਮੈਂ ਨਿਰ ਉੱਤਰ ਹਾਂ, ਵਕਤ ਦੇ ਸਾਹਮਣੇ। ਮੇਰੀ ਅਰਦਾਸ ਹੈ ਕਿ ਆਜ਼ਾਦੀ ਲਈ ਕੁਰਬਾਨ ਹੋਏ ਸੂਰਮਿਆਂ ਦੀ ਰੀਝ ਵਾਲੀ ਆਜ਼ਾਦੀ ਮੇਰੇ ਵਤਨ ਦੇ ਦਰ ਖੜਕਾਵੇ ਪਰ ਸੰਤਾਲੀ ਮੁੜ ਨਾ ਆਵੇ।

ਸੁਰਖ਼ ਲਹੂ ਵਿਚ ਘੁਲਿਆ ਪਾਣੀ।
ਚਾਟੀ ਸਣੇ ਉਦਾਸ ਮਧਾਣੀ।
ਕੱਲੀ ਤੰਦ ਨਾ ਉਲਝੀ ਤਾਣੀ।
ਜੀਂਦੇ ਜੀਅ ਅਸੀਂ ਬੰਦਿਓਂ ਬਣ ਗਏ,
ਰਾਜ ਤਖ਼ਤ ਦੇ ਪਾਵੇ।

ਅੱਜ ਅਰਦਾਸ ਕਰੋ,
ਸੰਤਾਲੀ ਮੁੜ ਨਾ ਆਵੇ।

ਉਨ੍ਹਾਂ ਦਸ ਲੱਖ ਵਿੱਛੜੀਆਂ ਰੂਹਾਂ ਨੂੰ ਚਿਤਵਦਿਆਂ ਇਹੀ ਕਾਮਨਾ ਹੈ ਕਿ ਦੱਖਣੀ ਏਸ਼ੀਆ ਦੇ ਮਹੱਤਵ ਪੂਰਨ ਮੁਲਕਾਂ ਭਾਰਤ ਤੇ ਪਾਕਿਸਤਾਨ ਦੇ ਬੂਹਿਉਂ ਸਦੀਵ ਕਾਲ ਲਈ ਸੇਹ ਦਾ ਤੱਕਲਾ ਪੁੱਟਿਆ ਜਾਵੇ, ਜਿਸ ਨਾਲ ਆਪਸੀ ਸਹਿਯੋਗ ਤੇ ਸਹਿਹੋਂਦ ਰਾਹੀਂ ਏਸੇ ਵੱਸਦੇ ਲੋਕਾਂ ਦਾ ਜੀਣ ਸੁਖਾਲਾ ਹੋ ਸਕੇ।

ਮੈਂ ਧੰਨਵਾਦੀ ਹਾਂ ਇਸ ਪੁਸਤਕ ਨੂੰ ਸੁਪਨੇ ਤੋਂ ਹਕੀਕਤ ਵਿੱਚ ਬਦਲਣ ਵਾਲੇ ਡਾ. ਸਤਿਨਾਮ ਸਿੰਘ ਨਿੱਝਰ ਚੇਅਰਮੈਨ ਸ ਉੱਤਮ ਸਿੰਘ ਨਿੱਝਰ ਚੈਰੀਟੇਬਲ ਐਂਡ ਐਜੂਕੇਸ਼ਨਲ ਸੋਸਾਇਟੀ (ਰਜਿ) ਬਟਾਲਾ, ਹਰਦੀਪ ਸਿੰਘ ਕੰਗ, ਅਰੁਣ ਸ਼ਰਮਾ, ਮਨਜਿੰਦਰ ਧਨੋਆ ਤੋਂ ਇਲਾਵਾ ਆਪਣੇ ਪਰਿਵਾਰ, ਸਨੇਹੀ ਮਿੱਤਰ ਪਿਆਰਿਆਂ ਦਾ, ਜਿੰਨ੍ਹਾਂ ਇਸ ਪੁਸਤਕ ਨੂੰ ਸਰੀਰਕ ਜਾਮਾ ਪੁਆਉਣ ਵਿੱਚ ਯੋਗਦਾਨ ਦਿੱਤਾ।

ਇਸ ਦੇ ਸੁੰਦਰ ਪ੍ਰਕਾਸ਼ਨ ਤੇ ਯੋਜਨਾਕਾਰੀ ਲਈ ਪਰਿੰਟਵੈੱਲ ਅੰਮ੍ਰਿਤਸਰ ਦਾ ਸ਼ਬਦਾਂ ਚ ਧੰਨਵਾਦ ਕਿਵੇਂ ਕਰਾਂ?

ਇਹ ਕਿਤਾਬ ਨਹੀਂ ਕੁਝ ਕੁ ਅੱਥਰੂ ਹਨ ਉਨ੍ਹਾਂ ਮੜ੍ਹੀਆਂ ਤੇ ਕਬਰਾਂ ਲਈ, ਜੋ ਧਰਤੀ ਤੇ ਹੁਣ ਕਿਤੇ ਨਹੀਂ ਲੱਭਦੀਆਂ ਪਰ ਹਰ ਸੰਵੇਦਨਸ਼ੀਲ ਬੰਦੇ ਅੰਦਰ ਹੁਬਕੀਂ ਹੁਬਕੀਂ ਰੋਂਦੀਆਂ ਕੁਰਲਾਉਂਦੀਆਂ ਅੱਜ ਵੀ ਵੈਣ ਪਾਉਂਦੀਆਂ ਸਾਨੂੰ ਸੌਣ ਨਹੀਂ ਦੇਂਦੀਆਂ।

ਗੁਰਭਜਨ ਗਿੱਲ

❑

ਮੈਂ ਆਜ਼ਾਦੀ ਜਸ਼ਨ ਵਿਚ ਸ਼ਾਮਲ ਨਹੀਂ ਹਾਂ

ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।
ਕਾਫ਼ਲੇ ਆਉਂਦੇ ਤੇ ਜਾਂਦੇ ਵੇਖਦਾ ਹਾਂ।
ਬਿਰਧ ਬਾਬੇ, ਬਾਲ ਬੱਚੇ,
ਗਠੜੀਆਂ ਬੱਧਾ ਸਮਾਨ, ਪਰੇਸ਼ਾਨ।
ਜਾਨ ਸੁੱਕੀ, ਮਹਿਕ ਮੁੱਕੀ,
ਗੁੰਮ ਹੈ ਸਭ ਦੀ ਜ਼ਬਾਨ।
ਰਿਸ਼ਤਿਆਂ 'ਚੋਂ ਲੇਸ ਮੁੱਕੀ,
ਸਾਂਝ ਦਾ ਨਾਮੋ ਨਿਸ਼ਾਨ।
ਰਾਵੀ ਮੈਨੂੰ ਪੁੱਛਦੀ ਹੈ,
ਇਹ ਹੈ ਕੈਸਾ ਇਮਤਿਹਾਨ ?
ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।
ਮੈਂ ਆਜ਼ਾਦੀ ਜਸ਼ਨ ਵਿਚ,
ਸ਼ਾਮਲ ਨਹੀਂ ਹਾਂ।

ਲਾਸ਼ਾਂ ਦੇ ਅੰਬਾਰ ਲੱਗੇ,
ਰਾਵੀਉਂ ਉਰ-ਵਾਰ ਪਾਰ, ਬੇਸ਼ੁਮਾਰ।
ਬਿਰਖ਼ ਬੂਟੇ ਸਹਿਮ ਗਏ ਨੇ,
ਵੇਖ ਰੱਤ ਰੰਗੀ ਬਹਾਰ।
ਪੰਛੀਆਂ ਵਿਚ ਖ਼ਲਬਲੀ ਹੈ,
ਉੱਡਣਾ ਭੁੱਲੇ ਉਡਾਰ, ਅਵਾਜ਼ਾਰ।
ਕਰਬਲਾ ਪੰਜਾਬ ਬਣਿਆਂ
ਕਤਲਗਾਹਾਂ ਦਾ ਪਸਾਰ, ਆਰ ਪਾਰ।
ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।
ਮੈਂ ਆਜ਼ਾਦੀ ਜਸ਼ਨ ਵਿਚ,
ਸ਼ਾਮਲ ਨਹੀਂ ਹਾਂ।

ਛਾਂਗਿਆਂ ਰੁੱਖਾਂ ਦੇ ਹੇਠਾਂ,
ਭਰਿਆ ਪੀਤਾ ਬਹਿ ਰਿਹਾ ਹਾਂ।
ਮੈਂ ਅਜੇ ਅੰਬਰ ਦੇ ਹੇਠਾਂ,
ਛੱਤ ਤੋਂ ਬਿਨ ਰਹਿ ਰਿਹਾ ਹਾਂ।
ਨਾ ਸੁਣੇ ਕੋਈ ਵੀ ਭਾਵੇਂ,
ਆਪਣੀ ਗੱਲ ਕਹਿ ਰਿਹਾ ਹਾਂ।
ਜ਼ਖ਼ਮ ਜੋ ਦਿੱਤੇ ਸਮੇਂ ਨੇ,
ਜੀਭ ਘੁੱਟ ਕੇ ਸਹਿ ਰਿਹਾ ਹਾਂ।
ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।

ਪਰ ਕਟੇ ਪੰਛੀ ਦੇ ਵਾਂਗੂੰ,
ਮੈਂ ਉਡਾਰੀ ਭੁੱਲ ਗਿਆ ਹਾਂ।
ਮਨ ਦਾ ਹੈ ਖ਼ਾਲੀ ਕਟੋਰਾ,
ਨੀਰ ਅੱਖੋਂ ਡੁੱਲ੍ਹ ਗਿਆ ਹਾਂ।
ਸ਼ਹਿਰਦਾਰਾਂ ਦੀ ਸਿਆਸਤ,
ਪਿੰਡਾਂ ਵਾਂਗੂੰ ਰੁਲ ਗਿਆ ਹਾਂ।
ਵਕਤ ਦੀ ਡਾਢੀ ਕਰੋਪੀ,
ਘਰ ਦਾ ਰਾਹ ਵੀ ਭੁੱਲ ਗਿਆ ਹਾਂ।
ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।

ਬਿਰਖ਼ ਦੇ ਟਾਹਣਾਂ ਨੂੰ ਰੱਖੜੀ ਬੰਨ੍ਹਦੀ ਹੈ,
ਵੀਰ ਜਿਸਦਾ ਖਾ ਗਈ ਕਾਲ਼ੀ ਹਨੇਰੀ।
ਕੱਚ ਦੇ ਟੁਕੜੇ ਅਜੇ ਵੀ ਚੁਗ ਰਹੀ ਹੈ,
ਪਾਟੀ ਚੁੰਨੀ ਵਾਲੀ ਪਿੰਡੋਂ ਭੈਣ ਮੇਰੀ।
ਮੈਂ ਅਜੇ ਉਸ ਮਾਂ ਨੂੰ ਮਿਲਣੈ,
ਪੁੱਤ ਜਿਸਦਾ ਅੱਜ ਦੇ ਦਿਨ ਕੀਤਾ ਸੀ ਢੇਰੀ।
ਬਾਘੀਆਂ ਪਾਵਾਂ ਮੈਂ ਏਨਾ ਜ਼ਹਿਰ ਖਾ ਕੇ,
ਇਹ ਨਹੀਂ ਔਕਾਤ ਮੇਰੀ।
ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।

ਦਰਦ ਵਾਲੇ ਰੰਗ ਨਾ ਲਹਿੰਦੇ ਦਿਲਾਂ ਤੋਂ,
ਇਹ ਨਹੀਂ ਵਸਤਰ ਦੇ ਕੋਈ ਰੰਗ ਕੱਚੇ।
ਰੋਣ ਮਗਰੋਂ ਲੈ ਗੁਬਾਰਾ ਪਰਚ ਜਾਵਣ,
ਜਿਸ ਤਰ੍ਹਾਂ ਕੱਚੇ ਘਰੀਂ ਅਣਭੋਲ ਬੱਚੇ।
ਬਲ਼ਦਿਆਂ ਅੰਗਾਰਿਆਂ 'ਤੇ ਨੰਗੇ ਪੈਰੀਂ,
ਆਪ ਦੱਸੋ! ਕਿੱਦਾਂ ਮੇਰੀ ਭੈਣ ਨੱਚੇ।
ਕਰ ਸਕੇਂ ਪ੍ਰਵਾਨ ਕਰ ਲੈ,
ਹੇ ਆਜ਼ਾਦੀ,
ਇਹ ਜੋ ਮੇਰੇ ਹੰਝ ਸੱਚੇ।
ਮੈਂ ਅਜੇ ਸਰਹੱਦ ਤੇ,
ਗੁੰਮ ਸੁੰਮ ਖੜ੍ਹਾ ਹਾਂ।
ਮੈਂ ਆਜ਼ਾਦੀ ਜਸ਼ਨ ਵਿਚ,
ਸ਼ਾਮਲ ਨਹੀਂ ਹਾਂ।
●

ਮੀਆਂ ਮੀਰ ਉਦਾਸ ਖੜ੍ਹਾ ਹੈ

ਹਰਿਮੰਦਰ ਦੀ ਨੀਂਹ ਦੇ ਲਾਗੇ,
ਮੀਆਂ ਮੀਰ ਉਦਾਸ ਖੜ੍ਹਾ ਹੈ।
ਚਹੁੰ ਸਦੀਆਂ ਦੇ ਪੈਂਡੇ ਮਗਰੋਂ,
ਅੱਜ ਉਹ ਸਾਨੂੰ ਇਉਂ ਪੁੱਛਦਾ ਹੈ?

ਚਹੁੰ ਬੂਹਿਆਂ ਦੇ ਵਾਲਾ ਮੰਦਰ ਇਹ ਹਰਿਮੰਦਰ।
ਝਾਤੀ ਮਾਰੋ ਆਪੇ ਵੇਖੋ ਆਪਣੇ ਅੰਦਰ।
ਕੋਈ ਕੋਈ ਬੂਹਾ ਕਿਸੇ ਲਈ ਕਿਉਂ ਬੰਦ ਕਰਦੇ ਹੋ?
ਸਰਬਕਾਲ ਦੀ ਜੋਤ ਨਿਰੰਤਰ
ਇਸ ਅੱਗੇ ਕਿਉਂ ਕੰਧ ਕਰਦੇ ਹੋ?

ਸੁਣ ਲਉ ਪੁੱਤਰੋ ! ਤੁਹਾਡੇ ਵਿਰਸੇ ਦਾ ਮੈਂ ਸੋਹਣਿਓਂ,
ਚਸ਼ਮਦੀਦ ਖ਼ੁਦ ਆਪ ਗਵਾਹ ਹਾਂ।
ਅਰਜਨ ਗੁਰ ਸੀ ਮੇਰੀ ਧੜਕਣ,
ਤੇ ਮੈਂ ਉਸਦੇ ਜਿਸਮ 'ਚ ਤੁਰਦੀ ਤੋਰ ਨਿਰੰਤਰ,
ਵਾਹਿਗੁਰੂ, ਅੱਲ੍ਹਾ, ਰਾਮ ਦਾ ਦਮ ਦਮ ਤੁਰਦਾ ਸਾਹ ਹਾਂ।

ਸੱਚੇ ਗੁਰ ਦਾ ਨਾਮ ਜਪਦਿਆਂ,
ਜਿੰਨ੍ਹਾਂ ਸਾਰੀ ਉਮਰ ਬਿਤਾਈ।
ਬੂਹੇ ਤੋਂ ਕਿਉਂ ਮੋੜੋ ਭਾਈ।

ਇੱਕ ਗੱਲ ਪੱਕੀ ਪੱਲੇ ਬੰਨ੍ਹੋ!
ਹਿੰਦੂ ਮੁਸਲਿਮ ਸਿੱਖ ਕਦੇ ਨਾ ਹੋਣ ਰਬਾਬੀ।
ਰੱਬ ਦੇ ਘਰ ਦੀ ਸੱਜਣੋਂ ਏਹੀ ਲੋਕ ਨੇ ਚਾਬੀ।

ਮੰਨਿਆ! ਹਾਕਮਾਂ ਗ਼ਰਜ਼ਾਂ ਲਈ ਪੰਜਾਬ ਤਰੇੜੇ।
ਕਹਿਰ ਖ਼ੁਦਾ ਦਾ ਬਾਣੀ ਅਤੇ ਰਬਾਬ ਨਿਖੇੜੇ।
ਮਰਦਾਨੇ ਨੂੰ ਨਾਨਕ ਨਾਲੋਂ ਵੱਖਰਾ ਕਰਕੇ,
ਕਿਹੜੇ ਰੱਬ ਨੂੰ ਖ਼ੁਸ਼ ਕਰਦੇ ਹੋ?

ਆਪੋ ਆਪਣੇ ਪਾਪਾਂ ਦੀ ਥਾਂ,
ਰਾਗ, ਕਲਾ ਤੇ ਖ਼ੁਸ਼ਬੂ ਕੋਲੋਂ ਕਿਉਂ ਡਰਦੇ ਹੋ।
ਸੂਰਤ ਨੂੰ ਸੱਚ ਮੰਨੋ,
ਰੱਖੋ ਸੀਰਤ ਪੱਲੇ।
ਥਿੜਕ ਗਏ ਤਾਂ ਰਹਿ ਜਾਵੋਗੇ ਕੱਲ ਮੁ ਕੱਲ੍ਹੇ।

ਰਾਵੀ ਪਾਰੋਂ ਸਾਜ਼ਾਂ ਅਤੇ ਆਵਾਜ਼ਾਂ ਵਾਲੇ,
ਇਹ ਨਹੀਂ ਵਣਜ ਕਮਾਵਣ ਆਏ।
ਇਹ ਤਾਂ ਭਾਈ ਲਾਲ ਅਮੁੱਲੇ,
ਰਾਤ ਹਨ੍ਹੇਰੀ ਵੇਲੇ ਚਾਨਣ ਵੰਡਣ ਆਏ।
ਸਾਂਝੇ ਰੱਬ ਦੀ ਸੱਚੀ ਬਾਣੀ,
ਓਸੇ ਦੇ ਹੀ ਦਰ ਵਿਚ ਬਹਿ ਕੇ,
ਬੋਲ ਅਗੰਮੀ ਗਾਵਣ ਆਏ।
'ਚੰਨ' ਦੀ ਚਾਨਣੀ ਵੱਲੋਂ ਕਿਉਂ ਜੇ ਮੂੰਹ ਪਰਤਾਏ।
ਘਰ ਨੂੰ ਕੁੰਡੇ ਜੰਦਰੇ ਲਾਏ।

ਸ਼ਬਦ ਸੁਰਤਿ ਤੋਂ ਸੱਖਣਾ ਸ਼ਖਸ ਅਮੀਰ ਨਹੀਂ ਹੈ?
ਰੱਬ ਦਾ ਘਰ ਇਹ ਕਿਸੇ ਲਈ ਜਾਗੀਰ ਹੈ?
ਯਤਨ ਕਰੋ ਕਿ ਨੇਰ੍ਹੇ ਦਾ ਪ੍ਰਕਾਸ਼ ਨਾ ਹੋਵੇ।
ਸਾਂਝੀ ਧੜਕਣ ਜੀਵੇ, ਕਦੇ ਵਿਨਾਸ਼ ਨਾ ਹੋਵੇ।

ਜਿਸ ਧਰਤੀ ਤੋਂ ਉਹ ਆਏ ਸੀ,
ਓਥੇ ਵੀ ਫੁੱਲਾਂ ਦੀ ਇਹ ਹੈ ਫ਼ਸਲ ਅਖ਼ੀਰੀ।
ਦੋਹੀਂ ਪਾਸੀਂ ਭਾਰੂ ਅੱਜ 'ਪੀਰੀ' ਪੁਰ ਮੀਰੀ।

ਚਹੁੰ ਵਰਣਾਂ 'ਚੋਂ ਜਿਹੜਾ ਵੀ ਰੱਬ ਦਾ ਨਾਂ ਗਾਵੇ।
ਉਸਨੂੰ ਆਪਣੇ ਕੰਠ ਲਗਾਉ।
ਦਸ ਗੁਰੂਆਂ ਤੇ ਗ੍ਰੰਥ ਪੰਥ ਦੀ ਵੇਲ ਵਧਾਉ।
ਸੁਣੋ ! ਸੁਣਾਵਾਂ ਗੁਰੂ ਅਰਜਨ ਦੇ ਬਰਖ਼ੁਰਦਾਰੋ !
ਲਾਲ ਰਬਾਬੀ, ਚਾਂਦ ਜਿਹਾਂ ਨੂੰ, 'ਵਾਜਾਂ ਮਾਰੋ।
ਹਰਿਮੰਦਰ ਦੀ ਨੀਂਹ ਦੇ ਲਾਗੇ,
ਮੀਆਂ ਮੀਰ ਉਦਾਸ ਖੜ੍ਹਾ ਹੈ।
ਭੌਰ ਭੌਰਿਆ ਪਰਿਕਰਮਾ ਵੱਲ ਵੇਖ ਰਿਹਾ ਹੈ।

❏

ਜੀਵੇ ਧਰਤੀ ਪੰਜ ਦਰਿਆਵਾਂ ਦੀ

ਜੀਵੇ ਧਰਤੀ ਪੰਜ ਦਰਿਆਵਾਂ ਦੀ,
ਸੀਨੇ ਵਿਚ ਬੀਜੇ ਚਾਵਾਂ ਦੀ।
ਅੱਜ ਟੁੱਟ ਕੇ ਤੰਦੋ ਤੰਦ ਹੋਈ,
ਇਹਦੇ ਤੇਜ਼ ਧੜਕਦੇ ਸਾਹਵਾਂ ਦੀ।

ਓਧਰ ਵੀ ਪੀੜਾਂ, ਘੱਟ ਨਹੀਂ,
ਏਧਰ ਵੀ ਸੁਪਨ ਕਰੰਡੇ ਗਏ।
ਸੂਰਜ ਦੇ ਹੁੰਦਿਆਂ ਸੁੰਦਿਆਂ ਹੀ,
ਅਸੀਂ ਸਿਖ਼ਰ ਦੁਪਹਿਰੇ ਵੰਡੇ ਗਏ।

ਉਹ ਹੋਰ ਕਿਤਾਬਾਂ ਲੱਭਦੇ ਰਹੇ,
ਅਸੀਂ ਹੋਰ ਕਿਤਾਬਾਂ ਪੜ੍ਹਦੇ ਰਹੇ।
ਸੋਚਾਂ ਨੂੰ ਨਾਗਾਂ ਵੱਸ ਪਾ ਕੇ,
ਅਸੀਂ ਦੋਸ਼ ਹਵਾ ਸਿਰ ਮੜ੍ਹਦੇ ਰਹੇ।

ਤੀਜੇ ਦੀ ਚੁੱਕਣਾ ਵਿਚ ਆ ਕੇ,
ਅਸੀਂ ਭੁੱਲ ਬੈਠੇ ਸਾਂ ਲੋੜਾਂ ਨੂੰ।
ਨੇਰ੍ਹੇ ਵਿਚ ਗਲੀਆਂ ਛਾਣਦਿਆਂ,
ਭੁੱਲੇ ਜਾਂ ਘਰ ਦੀਆਂ ਥੋੜਾਂ ਨੂੰ।

ਅਸੀਂ ਸਿਰਫ਼ ਕਚੀਚੀਆਂ ਵੱਟਦੇ ਰਹੇ,
ਸਾਨੂੰ ਪਿਆਰ ਭਰੱਪਣ ਭੁੱਲ ਗਿਆ।
ਤੇ ਸਵਾਹ ਦੀਆਂ ਪੁੜੀਆਂ ਸਾਂਭਦਿਆਂ,
ਸਾਡਾ ਘਿਉ ਦਾ ਪੀਪਾ ਡੁੱਲ੍ਹ ਗਿਆ।

ਮਹੁਰੇ ਦਾ ਵਣਜ ਵਿਹਾਜਦਿਆਂ,
ਰੇਤੇ ਵਿਚ ਖੰਡ ਦੀ ਬੋਰੀ ਗਈ।
ਅਸੀਂ ਪਿੱਛੇ ਪਿੱਛੇ ਤੁਰਦੇ ਗਏ,
ਇਹ ਨਾਗਣ ਜਿੱਧਰ ਤੋਰੀ ਗਈ।

ਵੰਝਲੀ ਦੀ ਥਾਂ ਤੇ ਤੋਪਾਂ ਨੇ,
ਜੋ ਬੋਲ ਉਚਾਰੇ, ਸੁਣਦੇ ਰਹੇ।
ਇਕ ਦੂਜੇ ਦੇ ਖਣਵਾਦੇ ਨੂੰ,
ਅਸੀਂ ਬਿਨਾਂ ਪੋਣੀਓਂ ਪੁਣਦੇ ਰਹੇ।

ਮਿਹਣੇ ਦਰ ਮਿਹਣੇ ਦੇਂਦੇ ਰਹੇ,
ਅਸੀਂ ਆਹ ਕੀਤਾ, ਤੁਸੀਂ ਆਹ ਕੀਤਾ।
ਅੱਗਾਂ ਦੀਆਂ ਖੇਡਾਂ ਖੇਡਦਿਆਂ,
ਅਸੀਂ ਆਪਣਾ ਵਕਤ ਤਬਾਹ ਕੀਤਾ।

ਫੁੱਲਾਂ ਦੀਆਂ ਖਿੜੀਆਂ ਲੜੀਆਂ ਨੂੰ,
ਨਫ਼ਰਤ ਦੇ ਨਾਲ ਸਵਾਹ ਕੀਤਾ।
ਰਲ ਜੀਣ ਮਰਨ ਦੀ ਰਹਿਤਲ ਨੂੰ,
ਅਸੀਂ ਹੱਥੀਂ ਆਪ ਜ਼ਿਬਾਹ ਕੀਤਾ।

ਅਸੀਂ ਸਾਂਝੇ ਚੰਨ ਦੇ ਟੋਟੇ ਕਰ,
ਬੱਸ ਤਾਰਿਆਂ ਨਾਲ ਹੀ ਪਰਚ ਗਏ।
ਸਦੀਆਂ ਦੀ ਸਾਂਝੀ ਪੂੰਜੀ ਨੂੰ,
ਐਟਮ ਦੀ ਖ਼ਾਤਰ ਖ਼ਰਚ ਗਏ।

ਅਸੀਂ ਭਰ ਵਗਦੇ ਦਰਿਆਵਾਂ ਦੇ,
ਪਾਣੀ ਵਿਚ ਲੀਕਾਂ ਵਾਹ ਲਈਆਂ।
ਧੁੱਪਾਂ ਤੇ ਛਾਵਾਂ ਵੰਡ ਲਈਆਂ,
ਤੇ ਵੱਖ-ਵੱਖ ਮੰਜੀਆਂ ਡਾਹ ਲਈਆਂ।

ਅਸੀਂ ਵੰਡਦੇ ਵੰਡਦੇ ਭੁੱਲ ਗਏ ਸਾਂ,
ਮਾਂ ਬੋਲੀ ਤਾਂ ਹੀ ਸਾਂਝੀ ਰਹੀ।
ਪਰ ਵਰ੍ਹਿਆਂ ਤੀਕਰ ਪੁੱਤਰਾਂ ਦੇ,
ਇਹ ਮੇਲ-ਮਿਲਾਪੋਂ ਵਾਂਝੀ ਰਹੀ।

ਸਾਨੂੰ ਛਲਦੀ, ਦਲ਼ਦੀ, ਮਲ਼ਦੀ ਰਹੀ,
ਚੱਕੀ ਸਮਿਆਂ ਦੀ ਬੇਕਿਰਕ ਜਹੀ।
ਸਾਹਾਂ ਦੇ ਆਟੇ ਵਿਚ ਰਲ ਗਈ,
ਇਸ ਕਰਕੇ ਹੀ ਕੁਝ ਕਿਰਕ ਜਹੀ।

ਚਾਵਾਂ, ਦਰਿਆਵਾਂ, ਸਾਹਵਾਂ ਵਿਚ,
ਗਲਘੋਟੂ ਧੂੰਆਂ ਆ ਵੜਿਆ।
ਸਾਡੇ ਨੀਲ-ਬਲੌਰੀ ਅੰਬਰਾਂ ਤੇ,
ਦਿਨ ਦੀਵੀਂ ਕਾਲਾ ਚੰਨ ਚੜ੍ਹਿਆ।

ਰਾਤਾਂ ਦੀ ਨੀਂਦਰ ਸਹਿਮ ਗਈ,
ਸੁਪਨੇ ਵੀ ਥਰ ਥਰ ਕੰਬਦੇ ਰਹੇ।
ਅਸੀਂ ਰੱਸੀਆਂ ਦੇ ਸੱਪ ਮਾਰਨ ਲਈ,
ਇੱਕ ਦੂਜੇ ਤਾਈਂ ਡੰਗਦੇ ਰਹੇ।

ਅਕਲਾਂ ਨੂੰ ਜੰਦਰੇ ਮਾਰ ਲਏ,
ਤੇ ਪਸ਼ੂਆਂ ਵਾਂਗੂੰ ਖਹਿੰਦੇ ਰਹੇ।
ਨੇਰ੍ਹੇ ਵਿਚ ਝੱਗੋ ਝੱਗ ਹੋ ਕੇ,
ਦੂਜੇ ਨੂੰ ਮੰਦੜਾ ਕਹਿੰਦੇ ਰਹੇ।

ਸਰਹੱਦਾਂ, ਹੱਦਾਂ ਬਾਲ ਬਾਲ,
ਅਸੀਂ ਲੜ ਲੜ ਮਰ ਮਰ ਵੇਖ ਲਿਆ।
ਇਕ ਦੂਜੇ ਦੇ ਘਰ ਸਾੜ ਸਾੜ,
ਅਸੀਂ ਕੋਲੇ ਕਰ ਕਰ ਵੇਖ ਲਿਆ।

ਇਸ ਅਗਨ ਖੇਡ ਵਿਚ ਹਰ ਵਾਰੀ,
ਪੰਜਾਬੀ ਹੀ ਸੀ ਜੀਅ ਮਰਦਾ।
ਜੇ ਪੁੱਤਰਾਂ ਨੂੰ ਹੀ ਸ਼ਰਮ ਨਹੀਂ,
ਰਾਵੀ ਦਾ ਪਾਣੀ ਕੀਹ ਕਰਦਾ?

ਸਤਿਲੁਜ ਤੇ ਬਿਆਸ ਉਦਾਸ ਜਹੇ,
ਜੇਹਲਮ ਨੂੰ ਮਿਲਣੋਂ ਡਰਦੇ ਰਹੇ।
ਸੋਹਣੀ ਦੇ ਝਨਾਂ ਨੂੰ ਤਰਨ ਲਈ,
ਮਹੀਂਵਾਲ ਤਰਸ ਕੇ ਮਰਦੇ ਰਹੇ।

ਦੋ ਚੁੱਲ੍ਹਿਆਂ ਤੇ ਇੱਕ ਟੱਬਰ ਦੀ,
'ਕੱਠੀ ਬਣ ਸਕਦੀ ਰੋਟੀ ਸੀ।
ਵਿਚਕਾਹੇ ਬਲਦੀ ਲੀਕ ਜੇਹੀ,
ਗੋਰੇ ਦੀ ਨੀਅਤ ਖੋਟੀ ਸੀ।

ਅਸੀਂ ਨਫ਼ਰਤ ਨਫ਼ਰਤ ਖੇਡਦਿਆਂ,
ਪਿਆਰਾਂ ਦੀ ਬਾਜ਼ੀ ਹਾਰ ਗਏ।
ਅਸੀਂ ਕਣਕ ਕਪਾਹਾਂ ਵੇਚ ਵੇਚ,
ਤੀਜੇ ਹੱਥ ਬਣ ਹਥਿਆਰ ਗਏ।

ਹਥਿਆਰਾਂ ਤੋਂ, ਸਰਕਾਰਾਂ ਤੋਂ,
ਧਰਤੀ ਦੇ ਖੇਖਣਹਾਰਾਂ ਤੋਂ।
ਇਹ ਪਾਣੀ ਸੁੱਚੇ ਰੱਖਣੇ ਨੇ,
ਹੁਣ ਰੱਤ ਦੇ ਵਣਜ ਵਪਾਰਾਂ ਤੋਂ।

ਅਸੀਂ ਭਗਤ ਸਿੰਘ ਸਰਦਾਰ ਵਾਂਗ,
ਲੈਣੀ ਏ ਗੁੜ੍ਹਤੀ ਦੁੱਲੇ ਤੋਂ।
ਤੇ ਸਾਂਝੀ ਲੋਕ ਵਿਰਾਸਤ ਲਈ,
ਖਾਣੀ ਏ ਬੁਰਕੀ ਬੁੱਲ੍ਹੇ ਤੋਂ।

ਅਸੀਂ ਵਾਰਿਸ ਸ਼ਾਹ ਦੇ ਵਾਰਿਸ ਹਾਂ,
ਤੇ ਨਾਨਕ ਦੀ ਸੰਤਾਨ ਵੀ ਹਾਂ।
ਅੱਜ ਕਿੱਦਾਂ ਇਹ ਗੱਲ ਭੁੱਲ ਜਾਈਏ,
ਕਲਬੂਤ ਅਲੱਗ, ਇੱਕ ਜਾਨ ਵੀ ਹਾਂ।

ਵਰ੍ਹਿਆਂ ਦੀ ਕੁੜੱਤਣ ਪੀ ਪੀ ਕੇ,
ਹੁਣ ਜਾਨ ਨੂੰ ਸੂਲੀ ਟੰਗਣਾ ਨਹੀਂ।
ਇਕ ਦੂਜੇ ਦੀ ਸ਼ੁਭ ਖ਼ੈਰ ਬਿਨਾਂ,
ਹੁਣ ਜੀਭੋਂ ਕੁਝ ਵੀ ਮੰਗਣਾ ਨਹੀਂ।

ਇਨ੍ਹਾਂ ਪੰਜ ਦਰਿਆਈ ਪੁੱਤਰਾਂ ਨੂੰ,
ਹੁਣ ਸਾਂਝੀ ਧੜਕਣ ਬਰ ਆਵੇ।
ਤੇ ਰਿਸ਼ਮ ਰੁਪਹਿਲੀ ਦਿਨ ਚੜ੍ਹਦੇ,
ਇਨ੍ਹਾਂ ਦੋਂਹ ਵੀਰਾਂ ਦੇ ਘਰ ਆਵੇ।

●

❑

ਗੀਤ

ਕਿੱਥੇ ਗਈਆਂ ਕੂੰਜਾਂ ਏਥੋਂ ਉੱਡ ਗਏ ਨੇ ਮੋਰ ਨੀ।
ਬਣਿਆ ਪੰਜਾਬ ਮੇਰਾ ਹੋਰ ਦਾ ਹੀ ਹੋਰ ਨੀ।

ਸਾਉਣ ਦੇ ਮਹੀਨੇ 'ਚ ਤਰੇੜੀ ਹੋਈ ਧਰਤੀ।
ਪਿੰਡ ਨੇ ਉਦਾਸ ਤੇ ਚੁਫ਼ੇਰ ਚੁੱਪ ਵਰਤੀ।
ਵਿਹਲਿਆਂ ਦੀ ਡਾਰ ਫਿਰੇ, ਬੰਦ ਹੋਈ ਭਰਤੀ।
ਬਣ ਗਏ ਸਿਆਸੀ ਆਗੂ ਸਾਧੂ ਅਤੇ ਚੋਰ ਨੀ।

ਫ਼ਸਲਾਂ ਨੇ ਸਿਰ ਸੁੱਟੇ ਆਡਾਂ ਨੇ ਪਿਆਸੀਆਂ।
ਤਪਦੀ ਸਵੇਰ ਸ਼ਾਮਾਂ ਰਾਤਾਂ ਵੀ ਉਦਾਸੀਆਂ।
ਪੁੱਤਰਾਂ ਦੇ ਹੱਥ ਵਿਚ ਦਾਰੂ ਤੇ ਗਲਾਸੀਆਂ।
ਕਿਹੜੇ ਪਾਸੇ ਲਈ ਜਾਂਦਾ ਮਨ ਵਾਲਾ ਸ਼ੋਰ ਨੀ।

ਟੁੱਟ ਗਿਆ ਸਾਕ ਹੁਣ ਚਾਟੀ ਤੇ ਮਧਾਣੀ ਦਾ।
ਹਲਦੀ ਤੋਂ ਗੂੜ੍ਹਾ ਰੰਗ ਗਿੱਧਿਆਂ ਦੀ ਰਾਣੀ ਦਾ।
ਲੱਭਦਾ ਨਾ ਸਿਰਾ ਕੋਈ ਉਲਝੀ ਕਹਾਣੀ ਦਾ।
ਵਰ੍ਹਿਆਂ ਤੋਂ ਗੁੰਮ ਸੁੰਮ ਝਾਂਜਰਾਂ ਦੇ ਬੋਰ ਨੀ।

ਸਿੰਜਿਆ ਹਮੇਸ਼ਾਂ ਸਾਨੂੰ ਇਹਦੇ ਪੰਜਾਂ ਪਾਣੀਆਂ।
ਦੱਸਦੇ ਮਨੁੱਖ ਅਤੇ ਰੁੱਖ ਸਣੇ ਟਾਹਣੀਆਂ।
ਪਾਈ ਜਾਵੇ ਦਿੱਲੀ ਹੁਣ ਹੋਰ ਹੀ ਕਹਾਣੀਆਂ।
ਜੱਗ ਨਾਲੋਂ ਵੱਖਰੇ ਕਾਨੂੰਨ ਦੱਸੇ ਹੋਰ ਨੀ।

ਨਹੀਉਂ ਅਸੀਂ ਭੁੱਲੇ ਹਾਲੇ ਰਾਵੀ ਤੇ ਚਨਾਬ ਨੂੰ।
ਕਰੋ ਨਾ ਖੁਆਰ ਹੋਰ ਜ਼ਖ਼ਮੀ ਪੰਜਾਬ ਨੂੰ।
ਖੁਸ਼ਬੂ ਨੂੰ ਤਰਸੇਂਗੀ ਪੁੱਟੀਂ ਨਾ ਗੁਲਾਬ ਨੂੰ।
ਵੈਰਨੇ ਖ਼ੁਆਰੀ ਇਹਦੀ ਕਰੀਂ ਨਾ ਤੂੰ ਹੋਰ ਨੀ।

ਨੱਥ ਪਾਉਣ ਲੱਗੇ ਵੇਖੋ ਸਾਡੇ ਦਰਿਆਵਾਂ ਨੂੰ।
ਛਾਂਗ ਦੇਣਾ ਚਾਹੁੰਦੇ ਨੇ ਉਹ ਜ਼ਿੰਦਗੀ ਦੇ ਚਾਵਾਂ ਨੂੰ।
ਸਮਝ ਨਾ ਆਵੇ ਸਾਡੇ ਸਕਿਆਂ ਭਰਾਵਾਂ ਨੂੰ।
ਹੱਟੀਆਂ 'ਚ ਬਹਿ ਕੇ ਬੋਲੀ ਬੋਲਦੇ ਨੇ ਹੋਰ ਨੀ।

●

❑

ਤਾਰਿਆਂ ਦੀ ਗੁਜ਼ਰਗਾਹ

(ਭਾਈ ਘਨੱਈਆ ਜੀ ਦੇ ਨਾਂ)

ਉਸ ਦੇ ਹੱਥ ਵਿਚ ਸੌਂਪ ਕੇ ਮੱਲ੍ਹਮ ਦੀ ਡੱਬੀ।
ਜ਼ਖ਼ਮੀਆਂ ਲਈ ਪੱਟੀਆਂ ਤੇ ਹੋਰ ਨਿਕ ਸੁਕ।
ਉਸ ਨੂੰ ਬੱਸ ਉਸ ਦੇ ਗੁਰੂ ਨੇ ਇਹ ਕਿਹਾ ਸੀ,
"ਜ਼ਿੰਦਗੀ ਖ਼ੁਦ ਵੀ ਨਿਰੰਤਰ ਜੰਗ ਲੰਮੀ,"
ਬਿਨ ਕਿਸੇ ਹਥਿਆਰ ਦੇ,
ਦੁਸ਼ਮਣਾਂ ਤੇ ਵਾਰ ਦੇ,
ਲੜਨ ਦਾ ਇਹ ਵੀ ਅਲੌਕਿਕ ਢੰਗ ਹੀ ਹੈ।

ਮਰਨ ਮਾਰਨ ਨਾਲ ਨਾ ਮੁੱਕਦੀ ਕਦੇ ਕੋਈ ਲੜਾਈ।
ਤੂੰ ਜਦੋਂ ਵੀ ਜਦ ਕਿਤੇ ਵੀ,
ਰੰਗ, ਨਸਲਾਂ, ਜ਼ਾਤ, ਗੋਤਾਂ ਤੋਂ ਪਰੇਡੇ।
ਨੇੜ ਜਾਂ ਹੋਵੇ ਦੁਰੇਡੇ।
ਜ਼ਖ਼ਮ ਵੇਖੇਂ ਤੁਰਤ ਜਾਵੀਂ।
ਓਸ ਥਾਂ ਜ਼ਖਮੀ ਨੂੰ ਜਾ ਕੇ ਮਲ੍ਹਮ ਲਾਵੀਂ।
ਜੇ ਕੋਈ ਹੋਵੇ ਪਿਆਸਾ।
ਜਾਂ ਦਿਸੇ ਕੋਈ ਨਿਰਾਸਾ।
ਓਸ ਦੇ ਮੂੰਹ ਬੂੰਦ ਪਾਵੀਂ।
ਜ਼ਿੰਦਗੀ ਦਾ ਗੀਤ ਗਾਵੀਂ।
ਉਸ ਨੂੰ ਬੱਸ ਉਸਦੇ ਗੁਰੂ ਨੇ ਇਹ ਕਿਹਾ ਸੀ।

ਤੂੰ ਜਦੋਂ ਵੇਖੇਂ ਧਰਤ ਤੇ ਖ਼ੂਨ ਡੁੱਲ੍ਹਿਆ।
ਜਾਂ ਕੋਈ ਰਾਹਗੀਰ ਭੁੱਲਿਆ।
ਪੌਣ ਵਿਚ ਜ਼ਹਿਰਾਂ ਦੇ ਕਾਰਨ ਸਵਾਸ ਫੁੱਲਿਆ।
ਪਾਣੀਆਂ ਵਿਚ ਜਦ ਵੀ ਸਮਝੇਂ ਜ਼ਹਿਰ ਘੁਲ਼ਿਆ।
ਓਸ ਥਾਂ ਤੇ ਪਹੁੰਚ ਜਾਵੀਂ ਤੇ ਸੁਣਾਵੀਂ।
ਪਵਣ ਗੁਰ, ਪਾਣੀ ਪਿਤਾ ਤੇ ਧਰਤ ਮਾਤਾ।

ਜੇ ਇਨ੍ਹਾਂ ਤਿੰਨਾਂ ਨੇ ਸਾਡੇ ਨਾਲ ਨਾ ਕੋਈ ਫ਼ਰਕ ਜਾਤਾ।
ਕਿਉਂ ਅਸੀਂ ਖ਼ੂੰਖ਼ਾਰ ਹੋਏ।
ਪਾਣੀ ਰੱਤੋ ਰੱਤ ਹੋਏ।
ਤੇ ਹਵਾ 'ਚੋਂ ਜ਼ਹਿਰ ਚੋਏ।
ਉਸ ਨੂੰ ਬੱਸ ਉਸ ਦੇ ਗੁਰੂ ਨੇ ਇਹ ਕਿਹਾ ਸੀ।

ਓਸ ਨੇ ਉਪਦੇਸ਼ ਨੂੰ ਪੱਲੇ 'ਚ ਬੰਨ੍ਹਿਆ।
ਹੁਕਮ ਗੁਰ ਦਾ ਸੱਚ ਮੰਨਿਆ।
ਸਮਝ ਤੁਰਿਆ, ਕਰ ਲਈ ਉਮਰਾਂ ਦੀ ਖੱਟੀ।
ਜ਼ਿੰਦਗੀ ਨੂੰ ਤੋਰ ਮਿਲ ਗਈ
ਬਖ਼ਸ਼ ਦਿੱਤੀ ਇਹ ਗੁਰਾਂ ਜੋ ਮੱਲ੍ਹਮ ਪੱਟੀ।

ਚੱਲ ਰਿਹਾ ਸੀ ਗੁਰ ਨਿਰੰਤਰ ਅੰਗ ਸੰਗੇ।
ਦੇ ਰਿਹਾ ਸੀ ਬਲ ਬਿਨਾਂ ਉਹ ਮੂੰਹੋਂ ਮੰਗੇ।
ਹੁਣ ਉਹ ਪੂਰਾ ਕਾਫ਼ਲਾ ਸੀ,
ਓਸ ਦੇ ਹੱਥਾਂ 'ਚ ਹੁਣ ਕ੍ਰਿਪਾਨ ਨਹੀਂ ਸੀ।
ਤੁਰ ਰਿਹਾ ਸੀ ਮੁਕਤ ਡਰ ਤੋਂ,
ਇਕ ਇਕੱਲੀ ਜਾਨ ਨਹੀਂ ਸੀ।

ਕੁਝ ਕੁ ਪਲ ਪਹਿਲਾਂ ਸੀ ਜਿਹੜਾ ਕੱਖ ਵਰਗਾ।
ਓਹੀ ਬੰਦਾ ਬਣ ਗਿਆ ਸੀ ਲੱਖ ਵਰਗਾ।
ਸਭ ਨੂੰ ਇੱਕ ਸਮਝਣ ਦੀ ਸ਼ਕਤੀ।
ਉਸ ਦੇ ਹਿਰਦੇ ਬਲ ਰਹੀ ਸੀ ਜੋਤ ਐਸੀ।
ਜਿੱਤ ਦਾ ਨਿਸ਼ਚਾ ਗੁਰੂ ਦੀ ਅੱਖ ਵਰਗਾ।
ਉਸ ਜਦੋਂ ਸੀ ਵੇਖਿਆ,
ਹੱਥ ਤੇ ਹਥਿਆਰ ਦੋਵੇਂ ਲੜ ਰਹੇ ਨੇ, ਮਰ ਰਹੇ ਨੇ।
ਸੋਚਦਾ ਸਭ ਲੋਕ ਇਹ ਕੀ ਕਰ ਰਹੇ ਨੇ ?

ਹੱਥ ਤਾਂ ਹੁੰਦੈ ਹਮੇਸ਼ਾ ਕਰਮ ਖ਼ਾਤਰ।
ਵਰਤਣਾ ਹੁੰਦੈ ਹਮੇਸ਼ਾ ਧਰਮ ਖ਼ਾਤਰ।
ਧਰਮ ਤਾਂ ਹੁੰਦੈ ਭਲਾ ਸਰਬੱਤ ਵਾਲਾ।
ਹੱਥ ਕਿਉਂ ਬਣਦੈ ਬੇਗਾਨੀ ਮੱਤ ਵਾਲਾ ?

ਸੋਚਦਾ ਫਿਰ ਕਿਉਂ ਬਣੇ ਹਥਿਆਰ ਸਾਰੇ।
ਇਕ ਦੂਜੇ ਨੂੰ ਰਹੇ ਨੇ ਮਾਰ ਸਾਰੇ।

ਜੰਗ ਦੇ ਮੈਦਾਨ ਅੰਦਰ,
ਇਕ ਦਿਨ ਸੀ ਅਜਬ ਕੌਤਕ ਵਰਤਿਆ।

ਇੱਕ ਪਾਸੇ ਓਸ ਦਾ ਆਪਣਾ ਗੁਰੂ ਸੀ।
ਦੂਜੇ ਪਾਸੇ ਮੁਗਲ ਫੌਜਾਂ।
ਹੱਥ ਤੇ ਹਥਿਆਰ ਦੋਵੇਂ ਭਿੜ ਰਹੇ ਸਨ।
ਉਸ ਦੇ ਮਨ ਅੰਦਰ ਅਨੋਖੀ ਜੰਗ ਸ਼ੁਰੂ ਸੀ।
ਮੈਂ ਭਲਾ ਕਿੱਥੇ ਖਲੋਵਾਂ ?
ਇੱਕ ਪਾਸੇ ਗੁਰ-ਪਿਆਰਾ।
ਦੂਜੇ ਪਾਸੇ ਮੁਗਲ ਫੌਜਾਂ ਹੜ੍ਹ ਦੇ ਵਾਂਗੂੰ,
ਦਿਸਦਾ ਨਾ ਦੂਜਾ ਕਿਨਾਰਾ।
ਉਹ ਕਦੇ ਕਿਰਪਾਨ ਵੇਖੇ, ਹੱਥ ਪਾਵੇ।
ਫੇਰ ਇਕ ਦਮ ਠਹਿਰ ਜਾਵੇ।
ਮਨ ਦੀ ਧਰਤੀ ਵਿਚ ਅਨੋਖੀ ਖ਼ਲਬਲ਼ੀ ਸੀ।
ਸ਼ਸਤਰਾਂ ਨੂੰ ਨਾਲ ਲੈ ਕੇ ਮੈਂ ਗੁਰੂ ਦੇ ਮਗਰ ਜਾਵਾਂ।
ਕਹਿ ਸੁਣਾਵਾਂ।
ਲੈ ਗੁਰੂ ! ਮੈਂ ਆ ਗਿਆ ਹਾਂ।

ਪਰ ਨਹੀਂ! ਹਰਗਿਜ਼ ਨਹੀਂ!
ਗੁਰੂ ਨੇ ਮੈਨੂੰ ਸੀ ਜਿਹੜਾ ਰਾਹ ਵਿਖਾਇਆ।
ਭਟਕਦੇ ਮੱਥੇ 'ਚ ਜਿਹੜਾ ਦੀਪ ਧਰਿਆ,
ਤੇ ਗੁਰੂ ਨੇ ਜੋ ਪੜ੍ਹਾਇਆ।
ਉਹ ਤਾਂ ਇਸ ਤੋਂ ਬਹੁਤ ਵੱਖ ਹੈ।
ਜੋ ਗੁਰੂ ਨੇ ਮੈਨੂੰ ਹੱਥੀਂ ਆਪ ਬਖ਼ਸ਼ੀ,
ਉਹ ਤਾਂ ਦੋ ਅੱਖਾਂ ਤੋਂ ਉੱਪਰ ਤੀਜੀ ਅੱਖ ਹੈ।
ਹਰ ਕਿਸੇ ਮਾਣਸ ਨੂੰ ਇੱਕ ਪਹਿਚਾਣਦੀ ਹੈ।
ਧਰਮ ਕੀ ਹੈ, ਕਰਮ ਕੀ ਹੈ ?
ਅੰਦਰੋਂ ਧੁਰ ਜਾਣਦੀ ਹੈ।
ਇੱਕ ਹੀ ਓਂਕਾਰ ਦਾ ਜੇ ਸਭ 'ਚ ਵਾਸਾ।
ਕਿਉਂ ਮਰੇ ਇਸ ਧਰਤ ਤੇ ਕੋਈ ਪਿਆਸਾ।

ਇੱਕ ਹੈ ਓਂਕਾਰ ਮੈਂ ਬਾਣੀ ਪੜ੍ਹਾਂਗਾ।
ਮੈਂ ਗੁਰੂ ਦੀ ਫ਼ੌਜ ਵਿਚ ਵੱਖਰਾ ਲੜਾਂਗਾ।

ਹੱਥ ਵਿਚ ਲੈ ਮੱਲ੍ਹਮ-ਪੱਟੀ,
ਮੋਢਿਆਂ ਤੇ ਮਸ਼ਕ ਪਾਣੀ।
ਜ਼ਖ਼ਮੀਆਂ ਦੀ ਓਸ ਨਾ ਜ਼ਾਤੀ ਪਛਾਣੀ।
ਪੜ੍ਹ ਰਿਹਾ ਸੀ ਮਨ 'ਚ ਬਾਣੀ।
ਦੇ ਰਿਹਾ ਸੀ ਸਭ ਨੂੰ ਪਾਣੀ।
ਤੜਫਦੇ ਮੂੰਹਾਂ ਦੇ ਅੰਦਰ ਨੀਰ ਪਾਵੇ।
ਜ਼ਖ਼ਮੀਆਂ ਨੂੰ ਮੱਲ੍ਹਮ ਲਾਵੇ।
ਜ਼ਾਤ ਗੋਤਾਂ ਧਰਮ ਪਿੱਛੇ ਰਹਿ ਗਏ ਸਨ।
ਉਸ ਨੂੰ ਹਰ ਪਲ ਇੰਝ ਸੁਣਦਾ,
ਜਿਉਂ ਗੁਰੂ ਜੀ ਕਹਿ ਰਹੇ ਸਨ।
ਤੇਰਾ ਕਰੜਾ ਸਭ ਤੋਂ ਵੱਖਰਾ ਇਮਤਿਹਾਨ।
ਸ਼ੁਕਰ ਹੈ ਤੂੰ ਸਬਕ ਵੱਲੋਂ ਡੋਲਿਆ ਨਹੀਂ।
ਜੰਗ ਦੇ ਮੈਦਾਨ ਵਿਚ ਬੇਗਰਜ਼ ਹੋ ਕੇ,
ਤੂੰ ਜਿਵੇਂ ਸੇਵਾ ਨਿਭਾਈ,
ਧੰਨ ਹੈਂ ਤੂੰ,
ਜਿਸ ਮੇਰਾ ਉਪਦੇਸ਼ ਮਿੱਟੀ ਰੋਲਿਆ ਨਹੀਂ।

ਤੂੰ ਜਿਵੇਂ ਦਿਨ ਰਾਤ ਸਾਂਭੀ ਜ਼ੁੰਮੇਵਾਰੀ।
ਮੈਂ ਤੇਰੇ ਬਲਿਹਾਰ, ਜਾਵਾਂ ਤੈਥੋਂ ਵਾਰੀ।
ਜੇ ਕਿਤੇ ਤੂੰ ਮੇਰੇ ਦੱਸੇ ਰਾਹ ਤੋਂ ਕਿਧਰੇ ਥਿੜਕ ਜਾਂਦਾ।
ਸੱਚ ਜਾਣੀ! ਮੇਰਾ ਵੀ ਵਿਸ਼ਵਾਸ ਉਸ ਪਲ ਤਿੜਕ ਜਾਂਦਾ।

ਤੂੰ ਮੇਰੇ ਵਿਸ਼ਵਾਸ ਦਾ ਸਾਲਮ ਸਬੂਤਾ,
ਖ਼ੁਦ ਗਵਾਹ ਹੈਂ।
ਅੱਜ ਤੋਂ ਤੂੰ ਆਦਮੀ ਨਹੀਂ ਕਾਲ-ਬੱਧਾ,
ਹੋ ਗਿਐਂ ਅਨੰਤ ਤੇ ਅਕਾਲ,
ਹੁਣ ਤੂੰ ਆਪ ਰਾਹ ਹੈਂ!
ਮਰਨ ਮਾਰਨ ਵਾਲਿਆਂ ਤੋਂ ਬਹੁਤ ਉੱਚਾ,
ਜ਼ਿੰਦਗੀ ਦਾ ਸੁਪਨ ਸੁੱਚਾ,
ਤਾਰਿਆਂ ਦੀ ਗੁਜ਼ਰਗਾਹ ਹੈਂ!

●

ਧਰਤੀ ਮਾਏ ਸਾਂਭ ਕੇ ਰੱਖੀਂ

ਰਾਏ ਅਜ਼ੀਜ਼ ਉੱਲ੍ਹਾ ਖਾਂ ਦੇ ਨਾਂ

ਧਰਤੀ ਮਾਏ ਸਾਂਭ ਕੇ ਰੱਖੀਂ,
ਇਹ ਜੋ ਅੱਥਰੂ ਚਾਰ ਕੁ ਮੇਰੇ।
ਮੈਂ ਤਾਂ ਚੱਲਿਆਂ ਦੂਰ ਦੇਸ ਤੋਂ,
ਸਾਰਾ ਬਾਗ ਹਵਾਲੇ ਤੇਰੇ।

ਤੇਰੀ ਕੁਖ਼ ਦਾ ਜੰਮਿਆ ਜਾਇਆ,
ਅੱਜ ਅਚਾਨਕ ਤੁਰ ਚੱਲਿਆ ਹਾਂ।
ਤੂੰ ਹੀ ਮੈਨੂੰ ਵੱਡਿਆਂ ਕੀਤਾ,
ਤੇਰੇ ਹੁੰਦਿਆਂ ਭੁਰ ਚੱਲਿਆ ਹਾਂ।
ਮੀਂਹ ਵਾਂਗੂੰ ਘਟਨਾਵਾਂ ਝੰਬਿਆ,
ਟਿੱਕੀ ਵਾਂਗੂੰ ਖੁਰ ਚੱਲਿਆ ਹਾਂ।
ਅਗਲਾ ਸਫ਼ਰ ਖ਼ਬਰ ਨਹੀਂ ਮੈਨੂੰ,
ਕਿੱਥੇ ਜਾ ਕੇ ਲੱਗਣੇ ਡੇਰੇ।

ਖੰਭ ਕੁਤਰ ਕੇ ਹੁਕਮ ਸੁਣਾਇਆ,
ਚੱਲ ਪੰਛੀਆ ਮਾਰ ਉਡਾਰੀ।
ਪੈਰਾਂ ਵਿਚ ਉਲਝੀਆਂ ਡੋਰਾਂ,
ਬਣੀ ਮੁਸੀਬਤ ਸਿਰ ਤੇ ਭਾਰੀ।
ਕਿਰਚਾਂ ਵਰਗੇ ਬੰਦੇ ਹੋਏ,
ਸਾਂਝਾਂ ਦੇ ਮੁੱਢ ਫਿਰ ਗਈ ਆਰੀ।
ਆਲ੍ਹਣਿਆਂ ਨੂੰ ਤੋੜ ਤਾੜ ਕੇ,
ਬੋਟ ਅਲੂੰਏਂ ਕਾਵਾਂ ਘੇਰੇ।

ਨਾ ਪੜ੍ਹਿਆ ਨਾ ਸੁਣਿਆ ਕਿਧਰੇ,
ਜੋ ਇਤਿਹਾਸ ਅਸਾਂ ਸੰਗ ਕੀਤਾ।
ਦਰਿਆਵਾਂ ਨੂੰ ਬੰਨ੍ਹ ਮਾਰ ਕੇ,
ਕਿਹੜੇ ਯੁਗ ਦਾ ਬਦਲਾ ਲੀਤਾ।

ਧਰਮ ਕਰਮ ਨੂੰ ਪਿੱਛੇ ਛੱਡ ਕੇ,
ਸਾਡਾ ਖ਼ੂਨ ਪਿਆਲੀਂ ਪੀਤਾ।
ਲੀਕਾਂ ਵਾਲੇ ਆਖ ਰਹੇ ਨੇ,
ਤੁਸੀਂ ਨਹੀਂ ਕੁਝ ਲੱਗਦੇ ਮੇਰੇ।

ਕਾਹਦਾ ਮਾਏ ਮਾਣ ਕਿ ਤੇਰੀ,
ਬੁੱਕਲ ਦੇ ਵਿਚ ਰਹਿ ਨਹੀਂ ਸਕਦਾ।
ਪਲਕੀਂ ਅੱਥਰੂ ਮਣ ਮਣ ਭਾਰੇ,
ਦਰਦ ਕਹਾਣੀ ਕਹਿ ਨਹੀਂ ਸਕਦਾ।
ਜਿਸ ਮੰਜੇ ਨੂੰ ਹੱਥੀਂ ਉਣਿਆ,
ਉਸਦੀ ਬਾਹੀ ਬਹਿ ਨਹੀਂ ਸਕਦਾ।
ਅੱਜ ਤੋਂ ਬਾਅਦ ਨਾ ਏਥੇ ਰਹਿ ਕੇ,
ਤੱਕਣੇ ਰਾਤ ਦਿਵਸ ਦੇ ਫੇਰੇ।

ਅੰਤਿਮ ਇਸ ਗਲਵੱਕੜੀ ਦਾ ਨਿੱਘ,
ਰੱਬ ਵੀ ਮੈਥੋਂ ਖੋਹ ਨਹੀਂ ਸਕਦਾ।
ਰਾਤੋ ਰਾਤ ਬਦਲ ਜਾਂ ਅੱਖੀਆਂ,
ਏਨਾ ਕਾਫ਼ਰ ਹੋ ਨਹੀਂ ਸਕਦਾ।
ਆ ਉਇ ਵੀਰਾ! ਰਲ ਕੇ ਰੋਈਏ,
ਭਾਰ ਮੈਂ 'ਕੱਲਾ ਢੋਹ ਨਹੀਂ ਸਕਦਾ।
ਤਖ਼ਤਾਂ ਵਾਲੇ ਤਖ਼ਤ ਸੰਭਾਲਣ,
ਆ ਜਾ ਤੂੰ ਗਲ ਲੱਗ ਜਾ ਮੇਰੇ।

ਮੈਂ ਤਾਂ ਚੱਲਿਆ ਦੂਰ ਦੇਸ 'ਤੋਂ
ਸਾਰਾ ਬਾਗ ਹਵਾਲੇ ਤੇਰੇ।

●

ਸੰਤਾਲੀ ਵੇਲੇ

ਸੰਤਾਲੀ ਵੇਲੇ ਉੱਜੜਨ ਦੀ ਗੱਲ,
ਮਾਂ ਦੇ ਮਨ ਤੋਂ ਲਹਿੰਦੀ ਨਹੀਂ।
ਮੈਂ ਲੱਖ ਵਾਰੀ ਸਮਝਾਇਆ ਏ,
ਉਹ ਇਸ ਨੂੰ ਆਜ਼ਾਦੀ ਕਹਿੰਦੀ ਨਹੀਂ।

ਇਹ ਧਰਤੀ ਬੇਗਾਨੀ ਮੇਰੇ ਲਈ,
ਤੁਸੀਂ ਪੜ੍ਹੇ ਲਿਖੇ ਜੋ ਮਰਜ਼ੀ ਕਹੋ।
ਮੇਰੇ ਹਰ ਸਾਹ ਅੰਦਰ ਲਾਟਾਂ ਨੇ,
ਤੁਸੀਂ ਬਲਦੀ ਅੱਗ ਦਾ ਸੇਕ ਹੋ।
ਮੈਂ ਸਾਫ਼ ਸਾਫ਼ ਸਮਝਾ ਦੇਵਾਂ,
ਜੇ ਕੁਝ ਪਲ ਮੇਰੇ ਕੋਲ ਬਹੋ।
ਉਹਦੇ ਦਿਲ ਵਿਚ ਬੇਵਿਸ਼ਵਾਸੀ ਜੋ,
ਉਹਨੂੰ ਆਖਣ ਤੋਂ ਕਦੇ ਰਹਿੰਦੀ ਨਹੀਂ।

ਉਹ ਹਰ ਪਲ ਚੇਤੇ ਕਰਦੀ ਏ,
ਉਹ ਵੱਸਦੇ ਰਸਦੇ ਘਰ ਛੱਡੇ।
ਜਿੰਨ੍ਹਾਂ 'ਚੋਂ ਗੱਡਾ ਲੰਘਦਾ ਸੀ,
ਉਹ ਖੁੱਲ੍ਹ ਮ ਖੁੱਲ੍ਹੇ ਦਰ ਛੱਡੇ।
ਉਹ ਘੜੀ ਮੁੜੀ ਇਹ ਪੁੱਛਦੀ ਏ,
ਕਿਸ ਚੰਦਰੇ ਸਾਡੇ ਪਰ ਵੱਢੇ।
ਉਹਦੇ ਦਿਲ ਵਿਚ ਬਣੀ ਲਕੀਰ ਜਹੀ,
ਲੱਖ ਚਾਹਿਆਂ ਫਿੱਕੀ ਪੈਂਦੀ ਨਹੀਂ।

ਜਦੋਂ ਬੇਸ਼ਰਮੀ ਦੀ ਪਾਣ ਚੜ੍ਹੀ ਸੀ,
ਧਰਮਾਂ ਦੇ ਹਥਿਆਰਾਂ ਨੂੰ।
ਤੂੰ ਤੱਕਦਾ ਝੱਗੋ ਝੱਗ ਹੋਏ,
ਪਾਗਲਾਂ ਬੰਦਿਆਂ ਦੀਆਂ ਵਾਹਰਾਂ ਨੂੰ।

ਜੇ ਤੱਕਦਾ ਤੂੰ ਬਘਿਆੜ ਬਣੇ,
ਕੁੱਤਿਆਂ ਹੱਥ ਕੈਦਣ ਨਾਰਾਂ ਨੂੰ।
ਜਿੰਨ੍ਹਾਂ ਦੇ ਹੱਥਾਂ ਅੱਜ ਤੱਕ ਵੀ,
ਸ਼ਗਨਾਂ ਦੀ ਵੇਖੀ ਮਹਿੰਦੀ ਨਹੀਂ।

ਜੋ ਓਧਰ ਵੀ ਧਨਵੰਤੇ ਸੀ,
ਉਹ ਏਧਰ ਵੀ ਰਜਵਾੜੇ ਨੇ।
ਡਾਢੇ ਦੀ ਸ਼ਾਨ ਸਲਾਮਤ ਹੈ,
ਲਿੱਸਿਆਂ ਨੂੰ ਪੈਂਦੇ ਧਾੜੇ ਨੇ।
ਮੁਜਰਿਮ ਤੇ ਰਾਜ ਘਰਾਣਿਆਂ ਦੇ,
ਰਿਸ਼ਤੇ ਪਹਿਲਾਂ ਤੋਂ ਗਾੜ੍ਹੇ ਨੇ।
ਨਿੱਤ ਕੂੜ ਦੀ ਕੰਧ ਤੇ ਵਾਰ ਚੜ੍ਹੇ,
ਕਿਉਂ ਸੱਚ ਦੇ ਕੋਲੋਂ ਢਹਿੰਦੀ ਨਹੀਂ।

ਉਹ ਅੱਜ ਵੀ ਅੱਖਾਂ ਭਰ ਲੈਂਦੀ,
ਕਰ ਯਾਦ 'ਕਵਾਸੀ ਰੋਟੀ ਨੂੰ।
ਜੀਅ ਭਰਕੇ ਗੁੱਸਾ ਕੱਢਦੀ ਹੈ,
ਤੱਕ ਲਾਠੀ ਅਤੇ ਲੰਗੋਟੀ ਨੂੰ।
ਜੋ ਦਿਨ ਦੀਵੀਂ ਨਾ ਜਾਣ ਸਕੀ,
ਬਿੱਲੇ ਦੀ ਨੀਅਤ ਖੋਟੀ ਨੂੰ।
ਉਹ ਅਨਪੜ੍ਹ ਹੋ ਕੇ ਵੇਖ ਲਵੋ,
ਸੱਚ ਕਹਿਣੋਂ ਕਦੇ ਤਰਹਿੰਦੀ ਨਹੀਂ।

ਉਹ ਅਕਸਰ ਇਹ ਗੱਲ ਪੁੱਛਦੀ ਹੈ,
ਕਿਉਂ ਟੋਡੀ ਬੱਚੇ ਅੱਗੇ ਨੇ।
ਜਿੰਨ੍ਹਾਂ ਜ਼ਿੰਦਗੀ ਵਾਰੀ ਦੇਸ਼ ਲਈ,
ਕਿਉਂ ਨੁੱਕਰਾਂ ਦੇ ਵਿਚ ਲੱਗੇ ਨੇ।
ਕਿਉਂ ਲੋਕਾਂ ਦੇ ਮਨ ਵਿਚ ਬੈਠਾ,
ਉਹ ਮੁੜ ਠੱਗੇ ਕਿ ਠੱਗੇ ਨੇ।
ਕਿਉਂ ਰਾਜ ਭਵਨ ਦੇ ਮੱਥੇ ਤੋਂ,
ਤੋਪਾਂ ਦੀ ਦਹਿਸ਼ਤ ਲਹਿੰਦੀ ਨਹੀਂ।

ਮੇਰਾ ਬਾਪੂ ਵੀ ਕੁਝ ਏਦਾਂ ਦੇ,
ਕਈ ਹੌਂਕੇ ਲੈ ਕੇ ਦੂਰ ਗਿਆ।
ਕਈ ਦਰਦ-ਕਹਾਣੀਆਂ ਹਿੱਕ ਵਿਚ ਲੈ,
ਇੱਕ ਸਦੀ ਪੁਰਾਣਾ ਪੂਰ ਗਿਆ।
ਉਹ ਤੁਰ ਗਏ ਤਾਂ ਲਿਸ਼ਕੋਰ ਗਈ,
ਤੇ ਜ਼ਿੰਦਗੀ ਵਿਚੋਂ ਨੂਰ ਗਿਆ।
ਨੇਰ੍ਹੇ ਦੀ ਮਾਚਸ ਸਿੱਲ੍ਹੀ ਤੇ,
ਕਿਉਂ ਸੱਚ ਦੀ ਤੀਲੀ ਖਹਿੰਦੀ ਨਹੀਂ ?

ਉਹਦੇ ਦਿਲ ਨੂੰ ਡੋਬੂ ਪੈਂਦੇ ਨੇ,
ਮੇਰੀ ਵੇਖ ਤਬੀਅਤ ਢਿੱਲੀ ਨੂੰ।
ਉਹਨੂੰ ਬੇਹੱਦ ਔਖਾ ਲੱਗਦਾ ਹੈ,
ਮੇਰਾ ਆਉਣਾ ਜਾਣਾ ਦਿੱਲੀ ਨੂੰ।
ਦੁੱਧ ਜੂਠਾ ਹੀ ਨਾ ਕਰ ਜਾਵੇ,
ਉਹ ਰਵ੍ਹੇ ਘੂਰਦੀ ਬਿੱਲੀ ਨੂੰ।
ਮੈਂ ਸੀਸ ਝੁਕਾਵਾਂ ਹੋਰ ਕਿਤੇ,
ਮਾਂ ਇਹ ਗੱਲ ਹਰਗਿਜ਼ ਸਹਿੰਦੀ ਨਹੀਂ।

ਤੂੰ ਚੋਰ ਚੋਰ ਨਾ ਆਖਿਆ ਕਰ,
ਮੈਂ ਹੋੜ ਰਿਹਾ, ਮੈਂ ਹਟਕ ਰਿਹਾ।
ਉਹ ਅੱਗੋਂ ਮੈਨੂੰ ਕਹਿੰਦੀ ਏ,
ਤੂੰ ਏਸੇ ਕਰਕੇ ਭਟਕ ਰਿਹਾ।
ਤੂੰ ਦੋਚਿੱਤੀ ਦਾ ਡੰਗਿਆ ਏਂ,
ਵਿਚਕਾਰੇ ਤਾਂ ਹੀ ਲਟਕ ਰਿਹਾ।
ਜੋ ਅੱਜ ਦੇ ਦਿਨ ਵੀ ਝੂਠ ਕਹੇ,
ਉਹ ਮਾਂ ਫਿਰ ਮਾਂ ਵੀ ਰਹਿੰਦੀ ਨਹੀਂ।

●

ਸਰਹੰਦ ਵਿਚੋਂ ਲੰਘਦਿਆਂ

ਸਰਹੰਦ ਦਾ ਵਿਸਥਾਰ ਹੋ ਗਿਆ।
ਹਰ ਬੂਹਾ ਦੀਵਾਰ ਹੋ ਗਿਆ।
ਸੁਪਨੇ ਨੀਹਾਂ ਦੇ ਵਿਚ ਚਿਣਦੈ,
ਹਰ ਬੰਦਾ ਸਰਕਾਰ ਹੋ ਗਿਆ।

*

ਦੱਸੋ ਗੁਜਰੀ ਮਾਂ ਕਿੱਥੇ ਹੈ?
ਪੋਤਰਿਆਂ ਦੀ ਛਾਂ ਕਿੱਥੇ ਹੈ?
ਠੰਢਾ ਬੁਰਜ ਮਰਮਰੀ ਕੀਤਾ,
ਦੱਸੋ ਅਸਲੀ ਥਾਂ ਕਿੱਥੇ ਹੈ?

*

ਔਰੰਗਜ਼ੇਬ ਉਦਾਸ ਖੜ੍ਹਾ ਹੈ।
ਬਿਲਕੁਲ ਸਾਡੇ ਪਾਸ ਖੜ੍ਹਾ ਹੈ।
ਇਸ ਨੇ ਜਿਸਦੀ ਅਲਖ ਮੁਕਾਈ,
ਉਹ ਤਾਂ ਬਣ ਇਤਿਹਾਸ ਖੜ੍ਹਾ ਹੈ।

*

ਨੀਹਾਂ ਵਿਚ ਵਿਸ਼ਵਾਸ ਖੜ੍ਹਾ ਹੈ।
ਫ਼ਰਜ਼ਾਂ ਦਾ ਅਹਿਸਾਸ ਖੜ੍ਹਾ ਹੈ।
ਸਰਬ ਸਮੇਂ ਦਾ ਹਾਣੀ ਹੋ ਕੇ,
ਵਿਰਸਾ ਬਣ ਧਰਵਾਸ ਖੜ੍ਹਾ ਹੈ।

*

ਆਲਮਗੀਰ ਕਹਾਉਂਦਾ ਦੌਲਤਮੰਦ ਕਿੱਥੇ ਹੈ?
ਇੱਟਾਂ ਚੂਨੇ ਨਾਲ ਉਸਾਰੀ ਕੰਧ ਕਿੱਥੇ ਹੈ?
ਦੋ ਲਾਲਾਂ ਦਾ ਜੋੜਾ ਅੱਜ ਲਲਕਾਰ ਕੇ ਪੁੱਛੇ,
ਹੁਕਮ ਹਕੂਮਤ ਤੇ ਸੂਬਾ ਸਰਹੰਦ ਕਿੱਥੇ ਹੈ?

*

ਮਹਿਰਾ ਮੋਤੀ ਰਾਮ ਜਿਉਂਦਾ ਆਪ ਪਛਾਣੋ।
ਹਰ ਲੰਗਰ ਵਿਚ ਸੇਵਾ ਕਰਦੈ ਆਪਣਾ ਜਾਣੋ।
ਪੰਥ ਗੁਰਾਂ ਦੇ ਮਾਰਗ ਤੇ ਸੇਵਾ ਵਿਚ ਰੁੱਝਾ,
ਸਬਰ ਅਤੇ ਸੰਤੋਖ ਦੀ ਮੂਰਤ ਆਪ ਪਛਾਣੋ।

*

ਅੰਤਰ ਧਿਆਨ ਨੂੰ ਜੋੜੋ ਬਿਰਤੀ ਕਰੋ ਇਕਾਗਰ।
ਆਪਣੇ ਮਨ 'ਚੋਂ ਕੱਢੋ ਇਸ ਪਲ ਵਣਜ ਸੌਦਾਗਰ।
ਉਸ ਬੰਦੇ ਦੀ ਬੁੱਕਲ ਵਿਚ ਕੀਹ ਨਿੱਘ ਹੋਵੇਗਾ ?
ਦਸਮ ਪਿਤਾ ਨੇ ਬਖਸ਼ਿਆ ਜਿਸ ਨੂੰ ਗੰਗਾ ਸਾਗਰ।

*

ਅਸ਼ਰਫੀਆਂ ਦੇ ਟੋਡਰ ਮੱਲ ਸਿਰਦਾਰ ਬਣ ਗਿਆ।
ਜ਼ਾਲਮ ਓਸੇ ਪਲ ਧਰਤੀ ਤੇ ਭਾਰ ਬਣ ਗਿਆ।
ਵਕਤ ਦੇ ਅੱਥਰੇ ਘੋੜੇ ਨੂੰ ਜਿਸ ਨੱਥ ਪਾਈ ਸੀ,
ਰਹਿੰਦੀ ਦੁਨੀਆਂ ਤੀਕਰ "ਸ਼ਾਹ ਕਿਰਦਾਰ" ਬਣ ਗਿਆ।

*

ਤੇਜ਼ ਧਾਰ ਤਲਵਾਰਾਂ ਤੋਂ ਜੋ ਡਰਦਾ ਨਹੀਂ ਹੈ।
ਪਰ ਇਹ ਕਾਰਜ ਹਰ ਕੋਈ ਬੰਦਾ ਕਰਦਾ ਨਹੀਂ ਹੈ।
'ਸ਼ੇਰ ਮੁਹੰਮਦ' ਅੱਜ ਵੀ ਇਕ ਸਤਿਕਾਰਤ ਨਾਂ ਹੈ,
"ਹਾਅ ਦਾ ਨਾਅਰਾ" ਮਾਰਨ ਵਾਲਾ ਮਰਦਾ ਨਹੀਂ ਹੈ।

*

ਕੌਣ ਸੰਭਾਲੇ ਵਰਤਣ ਪਿਛੋਂ ਲਿੱਬੜੇ ਸੰਦ ਨੂੰ।
ਘਰ ਵਿਚ ਕਿਹੜਾ ਰੱਖਦੈ ਦੱਸੋ ਐਸੇ ਗੰਦ ਨੂੰ।
ਨਾਂ ਨੂੰ ਵੱਟਾ ਲਾਇਆ, ਜਾਬਰ ਨੂੰ ਉਕਸਾਇਆ,
ਵਕਤ ਪਿਆ ਦੁਰਕਾਰੇ ਅੱਜ ਵੀ ਸੁੱਚਾ ਨੰਦ ਨੂੰ।

*

ਨਿੱਕੀਆਂ ਜਿੰਦਾਂ ਵੱਡੇ ਸਾਕੇ।
ਵਾਰਸ ਬਣ ਗਏ ਆਕੇ ਬਾਕੇ।
ਧਾੜਵੀਆਂ ਦਾ ਏਕਾ ਵੇਖੋ,
ਸਿਖ਼ਰ ਦੁਪਹਿਰੇ ਮਾਰਨ ਡਾਕੇ।

*

ਗੰਗੂ ਤਾਂ ਲਾਲਚ ਦਾ ਨਾਂ ਹੈ।
ਇਹ ਪੈਸੇ ਦੀ ਕਾਲੀ ਛਾਂ ਹੈ।
"ਖੇੜੀ ਅਤੇ ਸਹੇੜੀ" ਪਿੰਡ ਨਹੀਂ,
ਅੱਜ ਵੀ ਇਹ ਜੰਮਦਾ ਹਰ ਥਾਂ ਹੈ।

*

ਪਾਗਲ ਘੋੜਿਆਂ ਮਿੱਧੀ ਧਰਤੀ ਕਰਨ ਨਿਰਾਦਰ।
ਲੀਰਾਂ ਲੀਰਾਂ ਹੋ ਚੱਲੀ ਸੀ ਹਿੰਦ ਦੀ ਚਾਦਰ।
ਅੱਥਰੇ ਘੋੜੇ ਦੀ ਜਿਸ ਅੱਗਿਓਂ ਵਾਗ ਫੜੀ ਸੀ,
'ਵੈਰਾਗੀ' ਤੋਂ ਬਣ ਗਿਆ 'ਬੰਦਾ' ਸ਼ੇਰ ਬਹਾਦਰ।

*

ਚਾਰ ਚੁਫ਼ੇਰੇ ਧੁੰਦ ਹੀ ਧੁੰਦ ਹੈ, ਗਰਦ ਗੁਬਾਰ ਵੀ ਹੈ।
ਵਿਰਸੇ ਦੇ ਵੱਲ ਪਿੱਠ ਕੀਤੀ ਦਾ ਰੂਹ ਤੇ ਭਾਰ ਵੀ ਹੈ।
ਸਾਰੇ ਪੰਛੀ ਚੋਗਾ ਤੇ ਨਹੀਂ ਚੁਗਦੇ ਵੇਖ ਲਵੋ,
ਦਸਵੇਂ ਗੁਰੂ ਦੇ ਸੁਪਨੇ ਲੈ ਕੇ, ਉੱਡਦੀ ਡਾਰ ਵੀ ਹੈ।

*

ਆਤਮ ਚਿੰਤਨ ਵੇਲਾ, ਖ਼ੁਦ ਦੇ ਸੰਗ ਬਹਿਣਾ ਸੀ।
ਇਹ ਤਾਂ ਸੇਕ ਨਿਰੰਤਰ ਆਪਾਂ ਖ਼ੁਦ ਸਹਿਣਾ ਸੀ।
ਢੋਲ ਢਮੱਕੇ ਰੌਲੇ ਰੱਪੇ, ਇਹ ਅੰਦਾਜ਼ ਨਹੀਂ,
ਫੁੱਲਾਂ ਨੂੰ ਫੁੱਲ ਅਰਪ ਅਸਾਂ ਅੱਜ ਚੁੱਪ ਬਹਿਣਾ ਸੀ।

●

❑

ਸਾਂਝਾ ਦੁੱਖ ਦਰਿਆ

(ਪ੍ਰੋ. ਸ਼ਰੀਫ਼ ਕੁੰਜਾਹੀ ਦੇ ਨਾਂ..)

ਸਰਹੱਦ ਪਾਰ ਖਲੋਤੇ ਮਿੱਤਰਾ, ਕਾਹਨੂੰ ਦਿਲ ਭਰਿਆ।
ਆਪਾਂ ਦੋਵੇਂ ਵੱਖ ਹਾਂ ਭਾਵੇਂ, ਸਾਡਾ ਸਾਂਝਾ ਦੁੱਖ ਦਰਿਆ।

ਦਰਦ ਕਹਾਣੀ ਸਾਂਝੀ ਸਾਡੀ, ਸਾਂਝੀਆਂ ਸਾਡੀਆਂ ਪੀੜਾਂ।
ਇਕ ਦੂਜੇ ਦਾ ਪਿੰਡਾ ਵਿੰਨ੍ਹਿਆ, ਸਾਡੇ ਆਪਣੇ ਤੀਰਾਂ।
ਸਿੰਮਦੀ ਪੀੜ ਮੇਰੀ ਦੀ ਗਾਥਾ, ਇਹ ਵਹਿੰਦਾ ਦਰਿਆ।

ਤੇਰੇ ਪਿੰਡ ਵਿਚ ਉੱਗੇ ਰੁੱਖ ਦਾ, ਮੈਂ ਅਦਨਾ ਪਰਛਾਵਾਂ।
ਸੰਨ ਸੰਤਾਲੀ ਖਾ ਗਿਆ ਜੀਹਦੇ ਟਾਹਣ ਸਣੇ ਹੀ ਛਾਵਾਂ।
ਹੁਣ ਤੇ ਤੇਰੀ ਛਾਂ ਬਿਨ ਯਾਰਾ, ਰਹਿੰਦਾ ਦਿਲ ਤਪਿਆ।

ਸਾਂਝੀ ਹੀਰ ਤੇ ਮਿਰਜ਼ੇ ਸਾਂਝੇ, ਸਾਂਝੇ ਸਾਡੇ ਰਾਂਝੇ।
ਆਪਾਂ ਹੀ ਦੋਵੇਂ ਕਿਉਂ ਯਾਰਾ, ਇਕ ਦੂਜੇ ਬਿਨ ਵਾਂਝੇ।
ਇਕ ਦੂਜੇ ਦੇ ਜ਼ਖ਼ਮਾਂ ਉੱਤੇ, ਦੇਈਏ ਮਲਮਾਂ ਲਾ।

ਤੇਰੇ ਸ਼ਹਿਰ ਦੇ ਹਾਕਮ ਵਾਂਗੂੰ, ਹਾਕਮ ਸਾਡਾ ਚੰਦਰਾ।
ਤਾਹੀਉਂ ਤੇਰੇ ਹੋਠਾਂ ਵਾਂਗੂੰ, ਮੇਰੇ ਹੋਠਾਂ ਜੰਦਰਾ।
ਲੱਖ ਜ਼ੰਜੀਰਾਂ ਹੋਵਣ ਭਾਵੇਂ, ਸਾਨੂੰ ਕੀਹ ਪ੍ਰਵਾਹ।

ਹੱਦ ਬੰਦੀਆਂ ਸਾਡੀ ਸਾਂਝ ਦੀ ਕੰਧ ਨਾ, ਬੇ-ਮਤਲਬ ਨੇ ਲੀਕਾਂ।
ਬੋਲ ਤੇਰੇ ਜਦ ਸਹਿਣ ਤਸੀਹੇ, ਮੈਂ ਸੁਣਦਾ ਹਾਂ ਚੀਕਾਂ।
ਵਾ ਨੂੰ ਕੌਣ ਕਹੇ ਨਾ ਦੱਸੀਂ, ਹੱਡੀਆਂ ਦਾ ਤੜਪਾਅ।

ਸਰਹੱਦ ਪਾਰ ਖਲੋਤੇ ਮਿੱਤਰਾ, ਕਾਹਨੂੰ ਦਿਲ ਭਰਿਆ।
ਆਪਾਂ ਦੋਵੇਂ ਵੱਖ ਹਾਂ ਭਾਵੇਂ, ਸਾਡਾ ਸਾਂਝਾ ਦੁੱਖ ਦਰਿਆ।

●

❑

ਖੰਭ ਖਿੱਲਰੇ ਨੇ ਕਾਵਾਂ ਦੇ

ਖੰਭ ਖਿੱਲਰੇ ਨੇ ਕਾਵਾਂ ਦੇ।
ਰੋਕ ਲਓ ਨਿਸ਼ਾਨੇ ਬਾਜ਼ੀਆਂ,
ਪੁੱਤ ਮੁੱਕ ਚੱਲੇ ਮਾਵਾਂ ਦੇ।

ਕਿੱਥੇ ਉੱਡੀਆਂ ਗੁਟਾਰਾਂ ਨੇ।
ਐਤਕੀਂ ਨਾ ਤੀਆਂ ਨੱਚੀਆਂ,
ਸਾਡੇ ਪਿੰਡ ਮੁਟਿਆਰਾਂ ਨੇ।

ਵੱਜਦਾ ਏ ਢੋਲ ਪਿਆ।
ਫੇਰ ਕੀ ਜਵਾਬ ਦਿਓਗੇ,
ਸਾਰਾ ਪਿੰਡ ਹੀ ਜੇ ਬੋਲ ਪਿਆ।

ਮਾਵਾਂ ਦੀ ਛਾਂ ਖ਼ਤਰੇ।
ਗੋਦੀ ਚ ਖਿਡੌਣਾ ਟੁੱਟਿਆ,
ਢਿੱਡੋਂ ਜੰਮਦਿਆਂ ਪਏ ਖ਼ਤਰੇ।

ਤਲੀਆਂ ਤੇ ਮਹਿੰਦੀ ਏ।
ਜਦੋਂ ਵੀ ਕਿਤੇ ਉੱਲੂ ਬੋਲਦੇ,
ਮੇਰੀ ਜਾਨ ਤਰਹਿੰਦੀ ਏ।

ਲੱਕੜੀ ਵਿਚ ਕਿੱਲ ਠੋਕਾਂ।
ਹੜ੍ਹ ਦਰਿਆਵਾਂ ਦੇ,
ਕੱਲ੍ਹਾ ਕੱਖ ਮੈਂ ਕਿਵੇਂ ਰੋਕਾਂ।

ਅੰਬਾਂ ਨੂੰ ਬੂਰ ਪਿਆ।
'ਕੱਠੇ ਬਹਿ ਕੇ ਹੱਸਦੇ ਸਾਂ,
ਐਸਾ ਮੌਸਮ ਦੂਰ ਗਿਆ।

ਪਾਣੀ ਵਿਚ ਗਹਿਰ ਘੁਲੀ।
ਚਾਰੇ ਬੰਨੇ ਅੱਗ ਬਲਦੀ,
ਵਿਚ ਲੱਗਦੀ ਏ ਜ਼ਹਿਰ ਘੁਲੀ।

ਅੱਖੀਆਂ 'ਚ ਖ਼ੁਮਾਰ ਨਹੀਂ।
ਕਾਹਨੂੰ ਯਾਰ ਬਦਲ ਗਿਐਂ,
ਪਹਿਲਾਂ ਵਰਗਾ ਪਿਆਰ ਨਹੀਂ।

ਦਾਣੇ ਰਸ ਗਏ ਅਨਾਰਾਂ ਦੇ।
ਤਲੀਆਂ 'ਚੋਂ ਗਿੱਧਾ ਮਰਿਆ,
ਸਾਡੇ ਪਿੰਡ ਮੁਟਿਆਰਾਂ ਦੇ।

ਅੱਖੀਆਂ ਵਿਚ ਨੀਰ ਨਹੀਂ।
ਕਰਨ ਕਮਾਈਆਂ ਤੋਰਿਆ,
ਜੀਹਦਾ ਮੁੜਿਆ ਵੀਰ ਨਹੀਂ।

ਸੁਪਨੇ ਦਾ ਲੱਕ ਟੁੱਟਿਆ।
ਦਿਨ ਦੀਵੀਂ ਸਾਡੇ ਸਾਹਮਣੇ,
ਘਰ ਬਾਰ ਗਿਆ ਲੁੱਟਿਆ।

ਸਭਨਾਂ ਦੀ ਮਾਂ ਧਰਤੀ।
ਡੁੱਬੋਂ ਲੀਕਾਂ ਪਾਉਣ ਵਾਲਿਆ,
ਤੂੰ ਤੇ ਚੰਦਰਿਆ ਹੱਦ ਕਰਤੀ।
●

ਨਵੇਂ ਸਾਲ ਵਿੱਚ

ਨਵੇਂ ਸਾਲ ਵਿਚ ਇਸ ਧਰਤੀ 'ਤੇ ਰੱਬ ਹੁਣ ਮਿਹਰ ਕਰੇ।
ਵਣ ਤ੍ਰਿਣ ਮੌਲਣ ਮਹਿਕਣ ਟਹਿਕਣ ਪੱਲ੍ਹਰਨ ਬਿਰਖ਼ ਹਰੇ।

ਅਗਨ ਖੇਡ ਦੀ ਦਾਨਵ ਟੋਲੀ ਤੁਰ ਜਾਏ ਦੂਰ ਪਰੇ।
ਘਰ ਦੀਆਂ ਨੁੱਕਰਾਂ ਰੌਸ਼ਨ ਹੋਵਣ ਜਗਣ ਚਿਰਾਗ ਧਰੇ।

ਲੰਮ ਸਲੰਮੀ ਰਾਤ ਦੇ ਮਗਰੋਂ ਹੁਣ ਪ੍ਰਭਾਤ ਕਰੇ।
ਉਹ ਨਾ ਇਸ ਧਰਤੀ 'ਤੇ ਆਵੇ ਜਿਸ ਤੋਂ ਬਾਲ ਡਰੇ।

ਹਰੀ ਅੰਗੂਰੀ ਕਣਕ ਤੇ ਸੁਪਨੇ ਹੁਣ ਨਾ ਮਿਰਗ ਚਰੇ।
ਸੱਖ ਮ ਸੱਖਣੇ ਨੈਣਾਂ ਦੇ ਵਿਚ ਚਾਨਣ ਵਾਸ ਕਰੇ।

ਚੰਦਰਮਾ ਸੂਰਜ ਤੇ ਦੀਵੇ ਸਨਮੁਖ ਨੇਰ੍ਹ ਮਰੇ।
ਜਗਮਗ ਜੋਤ ਧਰਤ ਦੇ ਕੋਨੇ ਨੂਰੋ ਨੂਰ ਕਰੇ।

ਲੰਮ ਸਲੰਮੀ ਨੇਰ੍ਹੀ ਜ਼ਿੰਦਗੀ ਸੋਚ ਕੇ ਜੀਅ ਡਰੇ।
ਪਿਆਰ ਮੁਹੱਬਤ ਅਮਨ ਦਾ ਪਰਚਮ ਸੁੰਨੇ ਗਗਨ ਭਰੇ।

ਇਸ ਧਰਤੀ ਦਾ ਕਿਣਕਾ ਕਿਣਕਾ ਇਹ ਅਰਦਾਸ ਕਰੇ।
ਜਿਹੜੀ ਥਾਂ ਬੰਜਰ ਤੇ ਬੇਲਾ ਓਥੇ ਫ਼ਸਲ ਭਰੇ।

ਮਾਂ ਦੀ ਗੋਦੀ ਬਾਲ ਅਲੂੰਆਂ ਬੈਠ ਕਲੋਲ ਕਰੇ।
ਆਪਣੇ ਘਰ ਚੋਂ ਡਰ ਨਾ ਆਵੇ ਵਿਹੜੇ ਰਹਿਣ ਭਰੇ।

ਤੜਕਸਾਰ ਮਾਂ ਪਾਏ ਰਿੜਕਣਾ ਮੱਖਣ ਹੱਥ ਭਰੇ।
ਦੁੱਧ ਪੁੱਤ ਰਹਿਣ ਸਲਾਮਤ ਨੂੰਹਾਂ ਧੀਆਂ ਨਾ ਹੋਣ ਪਰੇ।

ਭੈਣਾਂ ਹੱਥ ਸੁਹਾਗ ਦਾ ਚੂੜਾ ਬੰਨੜਾ ਆਣ ਵਰੇ।
ਤਰੇਲ ਦੇ ਮੋਤੀ ਖਿੱਲਰੇ ਵੇਖੋ ਸ਼ਗਨ ਸਵੇਰੇ ਕਰੇ।

ਤਪਦੀ ਧਰਤੀ ਮੀਂਹ ਮੰਗਦੀ ਹੈ ਰੱਜ ਰੱਜ ਮੇਘ ਵਰੇ।
ਦੁਸ਼ਮਣ ਦੀ ਵੀ ਅੱਖ ਵਿਚ ਅੱਥਰੂ ਹੁਣ ਨਾ ਜਾਣ ਜਰੇ।

●

❏

ਅੱਖਰ ਸ਼ਿਲਪੀ : ਨੂਰਦੀਨ

ਉੱਨੀਵੀਂ ਸਦੀ ਦੇ ਅੰਤ ਸਮੇਂ ਦੀ ਬਾਤ ਸੁਣਾਵਾਂ।
ਮਿਹਨਤ ਅਤੇ ਮੁਸ਼ੱਕਤ ਕਰਕੇ ਰੋਟੀ ਖਾਂਦੇ,
ਮਿਸਤਰੀਆਂ ਦੇ ਇੱਕ ਮੁੰਡੇ ਦਾ,
ਨਾਂ ਤਾਂ ਭਾਵੇਂ ਨੂਰਦੀਨ* ਸੀ।
ਪਰ ਅੱਜ ਉਸ ਦਾ ਪਤਾ ਟਿਕਾਣਾ,
ਨੇਰ੍ਹੇ ਵਿਚ ਗੁਆਚ ਗਿਆ ਹੈ।

ਅੰਮ੍ਰਿਤਸਰ ਦਾ ਜੰਮਿਆ ਜਾਇਆ,
ਜਾਂ ਫਿਰ ਲਾਗੇ ਕੋਈ ਪਿੰਡ ਸੀ,
ਇਸ ਦਾ ਮੈਨੂੰ ਇਲਮ ਨਹੀਂ ਹੈ।
ਲੋਕੀਂ ਆਖਣ ਸ਼ਹਿਰ ਕਮਾਈਆਂ,
ਕਰਨ ਦੀ ਖ਼ਾਤਰ ਆਇਆ ਹੋਣੈਂ।

ਰਹੇ ਠੋਕਦਾ ਮੰਜੀਆਂ ਪੀੜ੍ਹੇ,
ਜਾਂ ਫਿਰ ਘੜਦਾ ਗੱਡ ਗਡੀਰੇ।
ਰੰਗ ਬਰੰਗੀਆਂ ਚਰਖ਼ੜੀਆਂ ਤੇ ਪੀਲ ਪੰਘੂੜੇ।
ਲੱਕੜੀ ਦੇ ਵਿਚ ਜਿੰਦ ਧੜਕਾਉਂਦਾ।
ਚਿੱਤਰਕਾਰ ਤੋਂ ਕਿਤੇ ਚੰਗੇਰਾ।
ਰੱਬ ਦੇ ਜਿੱਡਾ ਉੱਚ ਉਚੇਰਾ।
ਰੰਗਾਂ ਤੋਂ ਬਿਨ ਲੱਕੜੀ ਉੱਤੇ,
ਵੇਲਾਂ, ਪੱਤੇ, ਬੂਟੀਆ ਪਾਉਂਦਾ।
ਉਸ ਦੀ ਹਸਤ ਕਲਾ ਨੂੰ ਸਿਜਦਾ ਹਰ ਕੋਈ ਕਰਦਾ,
ਜੋ ਵੀ ਉਸ ਦੇ ਨੇੜੇ ਆਉਂਦਾ।

ਨੂਰਦੀਨ ਨੂੰ ਉਸ ਵੇਲੇ ਦੇ ਦਾਨਿਸ਼ਮੰਦਾਂ ਹਿੱਕ ਨਾਲ ਲਾਇਆ।
ਇਹ ਸਮਝਾਇਆ।

*ਨੂਰਦੀਨ ਗੁਰਮੁਖੀ ਵਰਣਮਾਲਾ ਨੂੰ ਪੱਥਰ ਛਾਪੇ ਤੋਂ ਬਾਅਦ ਲੱਕੜ ਵਿਚੋਂ ਘੜ ਕੇ ਟਾਈਪ ਫੌਂਟ ਲਈ ਪੈਟਰਨ ਤਿਆਰ ਕਰਨ ਵਾਲਾ ਪਹਿਲਾ ਕਾਰੀਗਰ। ਇਸ ਤੋਂ ਮਗਰੋਂ ਲਾਲਾ ਧਨੀ ਰਾਮ ਚਾਤ੍ਰਿਕ ਅਤੇ ਲਾਲਾ ਗੰਡਾ ਮੱਲ ਨੇ ਗੁਰਮੁਖੀ ਛਾਪੇਖਾਨੇ ਲਈ ਸਿੱਕੇ ਦੇ ਅੱਖਰ ਪ੍ਰਚਲਿਤ ਕੀਤੇ।

ਗੱਡ ਗਡੀਰੇ ਚਰਖ਼ੜੀਆਂ ਤੇ ਪੀਲ ਪੰਘੂੜੇ,
ਘੜਨੇ ਛੱਡ ਦੇ।
ਇਹ ਕੰਮ ਤੇਰੀ ਥਾਂ ਤੇ ਕੋਈ ਵੀ ਕਰ ਸਕਦਾ ਹੈ।
ਤੇਰੇ ਕਰਨ ਦੀ ਖ਼ਾਤਰ ਕਾਰਜ ਵੱਡੇ ਵੱਡੇ।
ਕਹਿਣ ਸਿਆਣੇ ਓਦੋਂ ਤੀਕ ਮੋਤੀਆਂ ਵਰਗੇ,
ਲਿਸ਼ ਲਿਸ਼ਕੰਦੜੇ ਬੋਲ ਗੁਰਮੁਖੀ,
ਕੇਵਲ ਪੱਥਰ ਛਾਪੇ ਵਿਚ ਸਨ।

ਵਜ਼ੀਰ ਸਿੰਘ ਦੇ ਛਾਪੇਖ਼ਾਨੇ,
ਨੂਰਦੀਨ ਨੇ ਡੇਰਾ ਲਾਇਆ।
ਲੱਕੜੀ ਦੇ ਵਿਚ ਆਪਣੀ ਸੁਹਜ ਸਿਰਜਣਾ ਭਰ ਕੇ,
ਊੜੇ ਐੜੇ ਕੋਲੋਂ ਤੁਰ ਕੇ,
ਸੱਸੇ ਪੈਰੀਂ ਬਿੰਦੀ ਤੀਕਰ ਜਿੰਦ ਧੜਕਾਈ।
ਸਾਰੀ ਖ਼ਲਕਤ ਵੇਖਣ ਆਈ।

ਨੂਰਦੀਨ ਨੂੰ ਇਸ ਗੱਲ ਦਾ ਵੀ ਇਲਮ ਨਹੀਂ ਸੀ।
ਮੈਂ ਤਾਂ ਇਸ ਪੰਜਾਬ ਵਿਚ ਵੱਸਦੇ ਲੋਕਾਂ ਖ਼ਾਤਰ,
ਵਰਕਾ ਇੱਕ ਇਤਿਹਾਸ ਦਾ ਲਿਖਿਆ।
ਨੂਰਦੀਨ ਦਾ ਨੂਰ ਜਦੋਂ ਸ਼ਬਦਾਂ ਵਿਚ ਢਲਿਆ,
ਹਰ ਪੰਜਾਬੀ ਦੇ ਮੱਥੇ ਵਿਚ ਸੂਰਜ ਬਲਿਆ।

ਸਾਰੇ ਅੱਖਰ ਲੱਕੜੀ ਤੋਂ ਸਿੱਕੇ ਵਿਚ ਢਲ ਗਏ।
ਪਾਠ ਪੁਸਤਕਾਂ ਧਰਮ ਗ੍ਰੰਥਾਂ ਤੇ ਹਰ ਥਾਵੇਂ,
ਇੱਕ ਨਹੀਂ ਕਈ ਲੱਖ ਕਰੋੜਾਂ
ਇਕਦਮ ਸੂਹੇ ਸੂਰਜ ਬਲ ਗਏ।

ਨੂਰਦੀਨ ਦਾ ਅਤਾ ਪਤਾ ਜਾਂ ਥਾਂ ਸਿਰਨਾਵਾਂ।
ਜਾਂ ਉਸ ਦੇ ਪਿੰਡ ਦਾ ਕੋਈ ਮੱਧਮ ਪਰਛਾਵਾਂ,
ਸਾਨੂੰ ਅੱਜ ਕੁਝ ਯਾਦ ਨਹੀਂ ਹੈ।
ਉਸਦੀ ਘਾਲ ਕਮਾਈ ਚਿੱਤ ਨਾ ਚੇਤੇ ਕੋਈ।
ਪਰ ਇਹ ਪਹਿਲੀ ਵਾਰ ਨਾ ਹੋਈ।
ਨੀਂਹ ਵਿਚ ਪਈਆਂ ਇੱਟਾਂ ਦੱਸੋ ਕੌਣ ਫੋਲਦੈ।

ਨੂਰਦੀਨ ਤਾਂ ਵੱਡੇ ਘਰ ਦੇ ਵੱਡੇ ਛਾਪੇਖਾਨੇ ਅੰਦਰ,
ਇਕ ਅਦਨਾ ਜਿਹਾ ਨਿੱਕਾ ਨੌਕਰ।
ਜਿਵੇਂ ਕਿਸੇ ਘਰ ਅੰਦਰ ਸਾਰਾ ਕੂੜਾ ਹੂੰਝੇ,
ਮਗਰੋਂ ਨੁੱਕਰੇ ਟਿਕ ਜਾਂਦੀ ਹੈ ਤੀਲ ਦੀ ਬਹੁਕਰ।

ਜਿੰਨ੍ਹਾਂ ਦਿਨਾਂ 'ਚ ਨੂਰਦੀਨ ਨੇ,
ਅੱਖਰਾਂ ਦੇ ਵਿਚ ਜਿੰਦ ਧੜਕਾਈ।
ਓਦੋਂ ਹਾਲੇ ਬੰਦਾ ਕੇਵਲ ਬੰਦਾ ਹੀ ਸੀ,
ਨਹੀਂ ਸੀ ਬਣਿਆ ਜ਼ਹਿਰੀ ਕੀੜਾ,
ਹਿੰਦੂ ਮੁਸਲਿਮ ਸਿੱਖ ਈਸਾਈ।
ਧਰਮ ਨਸਲ ਦੀ ਦੁਰਵਰਤੋਂ ਦਾ,
ਹਾਲੇ ਤੇਜ਼ ਬੁਖ਼ਾਰ ਨਹੀਂ ਸੀ।

ਕਈ ਵਾਰੀ ਤਾਂ ਇਉਂ ਲੱਗਦਾ ਹੈ,
ਮੀਆਂ ਮੀਰ ਫ਼ਕੀਰ ਦੇ ਵਾਂਗੂੰ,
ਨੂਰਦੀਨ ਨੇ ਆਪਣਾ ਸੂਹਾ ਖ਼ੂਨ ਬਾਲ ਕੇ,
ਸਾਡਾ ਘਰ ਵਿਹੜਾ ਰੁਸ਼ਨਾਇਆ।
ਕੁੱਲ ਧਰਤੀ ਦੀ ਦਾਨਿਸ਼ ਨੂੰ ਜਾਮਾ ਪਹਿਨਾਇਆ।

ਨੂਰਦੀਨ ਨੂੰ ਅੱਜ ਤੋਂ ਪਹਿਲਾਂ,
ਨਾ ਮੈਂ ਜਾਣਾਂ ਨਾ ਪਹਿਚਾਣਾਂ।
ਪਰ ਅੱਜ ਮੇਰੀ ਹਾਲਤ ਵੇਖੋ,
ਜਿਹੜਾ ਅੱਖਰ ਵੀ ਪੜ੍ਹਦਾ ਹਾਂ।
ਹਰ ਅੱਖਰ ਦੇ ਹਰ ਹਿੱਸੇ ਚੋਂ,
ਨੂਰੀ ਮੱਥੇ ਵਾਲਾ ਸੂਰਜ,
ਨੂਰਦੀਨ ਹੀ ਨੂਰਦੀਨ ਬੱਸ ਚਮਕ ਰਿਹਾ ਹੈ।
ਭਾਵੇਂ ਬੁਝਿਆ ਨਿੱਕੀ ਉਮਰੇ,
ਅੱਜ ਤੀਕਣ ਵੀ ਸਰਬ ਕਿਤਾਬਾਂ ਦੇ ਵਿਚ ਢਲ ਕੇ,
ਚੰਦਰਮਾ ਜਿਓਂ ਦਮਕ ਰਿਹਾ ਹੈ।

●

ਸਾਡੀ ਤੁਹਾਡੀ ਕਾਹਦੀ ਜੰਗ ਹੈ

ਜਦ ਤੱਕ ਸਾਡੇ ਅਤੇ ਤੁਹਾਡੇ,
ਘਰ ਦੇ ਅੰਦਰ ਭੁੱਖ ਤੇ ਨੰਗ ਹੈ।
ਦਿਲ ਤੇ ਹੱਥ ਧਰਕੇ ਫਿਰ ਦੱਸਿਓ,
ਸਾਡੀ ਤੁਹਾਡੀ ਕਾਹਦੀ ਜੰਗ ਹੈ।

ਸਦੀਆਂ ਲੰਮੀ ਸਾਂਝ ਭਰੱਪਣ,
ਖੂਹ ਵਿਚ ਸੁੱਟ ਕੇ।
ਉਮਰੋਂ ਲੰਮੇ ਖ਼ੂਨ ਦੇ ਰਿਸ਼ਤੇ,
ਨਦੀ ਰੋੜ੍ਹ ਕੇ।
ਕਾਹਦੀ ਖ਼ਾਤਰ ਭਿੜਦੇ ਰਹੀਏ।
ਲੰਮਾ ਸਫ਼ਰ ਪਿਆਸ ਕਹਿਰ ਦੀ,
ਫਿਰ ਕਿਉਂ ਆਪਾਂ,
ਪੁੱਠੇ ਖੂਹ ਜਿਉਂ ਗਿੜਦੇ ਰਹੀਏ।

ਮਨਮਤੀਏ ਖਸਮਾਂ ਦੇ ਹੱਥੋਂ ਛਾਂਟੇ ਖਾਈਏ।
ਅੱਖੀਆਂ ਉਤੇ ਖੋਪੇ ਚਾੜ੍ਹੀ,
ਪੁੱਠੀ ਮਾਲ੍ਹ ਘੁਮਾਈ ਜਾਈਏ।
ਇੱਕੋ ਬਿੰਦੂ ਆਲੇ ਦੁਆਲੇ ਪਰਿਕਰਮਾ ਕਰ,
ਮਨੋਂ ਸੋਚੀਏ ਸਫ਼ਰ ਮੁਕਾਇਆ।
ਪਰ ਇਕੋ ਥਾਂ ਘੁੰਮੀ ਜਾਈਏ।
ਇਹ ਨਾ ਸੋਚੀਏ,
ਕਿਹੜਾ ਹੈ ਜਿਸ ਸਾਨੂੰ ਪੁੱਠੇ ਗੇੜ 'ਚ ਪਾਇਆ।

ਕਿੰਨੇ ਮਸਲੇ ਕਿੰਨੀਆਂ ਗਰਜ਼ਾਂ।
ਕਿੰਨੇ ਰੋਗ ਤੇ ਕਿੰਨੀਆਂ ਮਰਜ਼ਾਂ।
ਸਾਡੇ ਅਤੇ ਤੁਹਾਡੇ ਘਰ ਵਿਚ ਇੱਕੋ ਜਿਹੀਆਂ।

ਦੱਸਿਓ ਜੀ ਫਿਰ ਕਾਹਦੀਆਂ ਮੜਕਾਂ ?
ਜੇਕਰ ਸਾਡਾ ਅਤੇ ਤੁਹਾਡਾ ਦੁਸ਼ਮਣ ਇੱਕ ਹੈ,
ਆਪਸ ਦੇ ਵਿਚ ਕਾਹਦੀਆਂ ਰੜਕਾਂ ?
ਦੋਹੀਂ ਪਾਸੀਂ ਏਨਾ ਆਦਮ ਘਾਣ ਕਰਾ ਕੇ,
ਘੜੀ ਮੁੜੀ ਕਿਉਂ ਮਾਰੀਏ ਬੜਕਾਂ ?
ਚਲੋ ਉਤਾਰੋ ਟੈਂਕ ਪਹਾੜੋਂ,
ਤੋਪਾਂ ਤੇ ਬੰਦੂਕਾਂ ਨੂੰ ਵੀ ਜੰਦਰੇ ਮਾਰੋ।

ਧਰਮ ਕਰਮ ਦੀ ਨੇੜ੍ਹੀ ਅੰਦਰ,
ਉੱਡਦੇ ਕੱਖ ਕਾਨ ਤੇ ਤੀਲੇ।
ਆਪੋ ਆਪਣੀ ਨਜ਼ਰ ਬਚਾਓ।
ਜੇਕਰ ਧੁੰਦਲਾ ਧੁੰਦਲਾ ਦਿਸਦੈ,
ਅੱਖਾਂ ਦੇ ਵਿਚ ਛੱਟੇ ਮਾਰੋ।
ਜਾਂ ਫਿਰ ਆਪਣੀ ਐਨਕ ਲਾਓ।
ਹੋਰ ਕਿਸੇ ਦੀ ਉਂਗਲੀ ਫੜ ਕੇ,
ਐਵੇਂ ਨਾ ਹੁਣ ਵਕਤ ਗੁਆਉ।

ਵੰਨ ਸੁਵੰਨੇ ਵੇਸ ਪਹਿਨ ਕੇ
ਇੱਕੋ ਜਿਹਾ ਡੰਗ ਮਾਰਨ ਜ਼ਹਿਰੀ ਨਾਗ ਪੁਰਾਣੇ।
ਦੋਧੇ ਵਸਤਰ ਪਾ ਕੇ ਖਾਂਦੇ ਡੱਡੀਆਂ ਮੱਛੀਆਂ,
ਅੱਖੀਆਂ ਮੀਟ ਭਗਤੀਆਂ ਕਰਦੇ,
ਇੱਕੋ ਲੱਤ ਦੇ ਭਾਰ ਖੜ੍ਹੇ ਹੋ,
ਬਣਦੇ ਬਗਲੇ ਬੀਬੇ ਰਾਣੇ।

ਪੌਣੀ ਸਦੀ ਪੁਰਾਣੀ ਵੰਡ ਨੂੰ ਚੇਤੇ ਕਰ ਲਓ।
ਵੰਡੀਆਂ ਸਨ ਜਦ ਘਰ ਦੀਆਂ ਕੰਧਾਂ।
ਵਿਹੜਾ ਵੰਡਿਆ ਵੰਡੀਆਂ ਛੱਤਾਂ।
ਪਾਗਲਪਨ ਵਿਚ ਕੀਹ ਨਾ ਹੋਇਆ,
ਰਿਸ਼ਤੇ ਹੋ ਗਏ ਬੋਟੀ ਬੋਟੀ ਵਗੀਆਂ ਰੱਤਾਂ।
ਅਧਮੋਏ ਜਿਸਮਾਂ ਨੂੰ ਅੱਜ ਵੀ ਚੇਤੇ ਕਰਕੇ,
ਅੱਖ ਰੋਂਦੀ ਹੈ।
ਅੱਧੇ ਏਧਰ ਅੱਧੇ ਓਧਰ।

ਜੰਗ ਦੇ ਗੀਤ ਗਾਉਂਦਿਓ ਲੋਕੋ,
ਬਹਿ ਕੇ ਏਨੀ ਗੱਲ ਵਿਚਾਰੋ।
ਏਨੀ ਵੱਡੀ ਧਰਤੀ ਉੱਤੇ,
ਕਿਹੜਾ ਹੈ ਜੋ ਸਾਡੀ ਵਾਲੀ ਬੋਲੀ ਬੋਲੇ ?
ਸਾਡੇ ਵਾਲੇ ਗੀਤ ਉਚਾਰੇ।
ਇੱਕ ਦੂਜੇ ਦੇ ਸਾਹੀਂ ਜਿਹੜਾ ਮਿਸ਼ਰੀ ਘੋਲੇ।

ਏਦਾਂ ਸੋਚੋ!
ਹਮਸਾਇਆ ਹੈ
ਫਿਰ ਵੀ ਆਪਣਾ ਮਾਂ ਜਾਇਆ ਹੈ,
ਕਮ-ਅਕਲੀ ਵਿਚ,
ਜਾਂ ਫਿਰ ਕਿਸੇ ਦੀ ਚੁੱਕਣਾ ਲੈ ਕੇ,
ਸ਼ਕਤੀ ਦੇ ਹੰਕਾਰ 'ਚ ਅੰਨ੍ਹਾ,
ਘੜੀ ਮੁੜੀ ਜੇ ਲੜ ਪੈਂਦਾ ਹੈ।
ਉਸਨੂੰ ਏਨੀ ਗੱਲ ਸਮਝਾਓ।
ਕਿਹੜਾ ਹੈ ਬਈ ਜਿਸਨੂੰ ਸਾਡਾ ਪਿਆਰ ਨਾ ਪੁੱਗੇ।
ਨਫ਼ਰਤ ਦੀ ਅੱਗ ਬਾਲ ਸੇਕਦਾ ਸਾਡੇ ਭੁੱਗੇ।
ਕਿਸਦੀ ਲੋੜ ਕਿ ਬਲਦੀ ਰਹੇ ਸਰਹੱਦ ਨਿਰੰਤਰ।
ਦੋ ਭਾਈ ਮਿਲ ਬੈਠ ਕਦੇ ਨਾ ਹੋਣ ਸੁਤੰਤਰ।

ਚਲੋ ਕਿ ਆਪਾਂ ਦੋਵੇਂ ਰਲ ਕੇ,
ਉਸ ਸ਼ੈਤਾਨ ਨੂੰ ਨੰਗਾ ਕਰੀਏ।
ਅਕਲਾਂ ਵਾਲੇ ਜੋ ਕਹਿੰਦੇ ਨੇ ਲਾਗੂ ਕਰੀਏ।
ਸਾਂਝੇ ਦੁਸ਼ਮਣ ਮਾਰਨ ਖ਼ਾਤਰ ਰਲ ਮਿਲ ਜਾਈਏ।
ਨਫ਼ਰਤ ਦੀ ਅੱਗ ਸੇਕ ਸੇਕ ਕੇ ਕੀ ਖੱਟਿਆ ਹੈ।

●

ਗੀਤ

(ਸ੍ਰੀ ਹੰਸ ਰਾਜ ਹੰਸ ਦੇ ਨਾਂ... ਜਿਸ ਦੇ ਕਹਿਣ ਤੇ ਮੈਂ ਇਸੇ ਵਿਸ਼ੇ ਤੇ ਲਿਖੀ ਨਜ਼ਮ ਨੂੰ ਉਸਦੇ 14 ਅਗਸਤ 2002 ਨੂੰ ਵਾਘਾ ਸਰਹੱਦ ਤੇ ਗਾਉਣ ਲਈ ਗੀਤ ਵਿਚ ਢਾਲਿਆ ਸੀ)

ਜਦ ਤੱਕ ਸਾਡੇ ਅਤੇ ਤੁਹਾਡੇ,
ਘਰ ਦੇ ਅੰਦਰ ਭੁੱਖ ਤੇ ਨੰਗ ਹੈ।
ਦਿਲ ਤੇ ਹੱਥ ਧਰਕੇ ਫਿਰ ਦੱਸਿਉ,
ਸਾਡੀ ਤੁਹਾਡੀ ਕਾਹਦੀ ਜੰਗ ਹੈ।

ਧਰਮਾਂ ਦੇ ਉਹਲੇ ਵਿਚ ਆਪਾਂ,
ਲੜਦੇ ਲੜਦੇ ਕਿੱਥੇ ਅੱਪੜੇ।
ਇਕ ਦੂਜੇ ਨੂੰ ਜ਼ਖਮੀ ਕੀਤਾ,
ਲੀਰਾਂ ਲੀਰਾਂ ਕੀਤੇ ਕੱਪੜੇ।
ਅੱਗਾਂ ਅੱਗਾਂ ਖੇਡੀ ਜਾਣਾ,
ਇਹ ਖੇਡਣ ਦਾ ਕਿਹੜਾ ਢੰਗ ਹੈ ?

ਰਾਵੀ ਅੰਦਰ ਵਗਦਾ ਇਹ ਜੋ,
ਅੱਥਰੂ ਅੱਥਰੂ ਖ਼ਾਰਾ ਪਾਣੀ।
ਇਹ ਤਾਂ ਉਹੀ ਲੋਕ ਜਿੰਨ੍ਹਾਂ ਦੇ,
ਅੱਜ ਦੇ ਦਿਨ ਸੀ ਵਿੱਛੜੇ ਹਾਣੀ।
ਉਹ ਸੰਤਾਲੀ ਫੇਰ ਨਾ ਆਵੇ
ਸਾਡੀ ਤਾਂ ਬੱਸ ਏਹੋ ਮੰਗ ਹੈ।

ਇਹ ਤਾਂ ਨਵੇਂ ਸ਼ਿਕਾਰ ਭਾਲਦੇ,
ਵਣਜ ਕਰਨ ਹਥਿਆਰਾਂ ਵਾਲੇ।
ਹੁਣ ਆਪਾਂ ਬਾਲਣ ਨਹੀਂ ਬਣਨਾ,
ਗਾਈਏ ਗੀਤ ਪਿਆਰਾਂ ਵਾਲੇ।

ਮਾਂ ਜਾਏ ਨਾ ਰਹਿਣ ਪਰਾਏ,
ਤੋੜ ਦਿਓ ਹੁਣ ਕਾਹਦੀ ਸੰਗ ਹੈ।

ਕਲਮਾਂ ਬੁਰਸ਼ਾਂ ਸਾਜ਼ਾਂ ਵਾਲਿਓ,
ਆਉ ਰਲ ਕੇ ਇਕ ਥਾਂ ਬਹੀਏ।
ਪੰਜ ਦਰਿਆਵਾਂ ਦੀ ਗੁੜ੍ਹਤੀ ਹੈ,
ਸਭ ਦੀ ਸੁਣੀਏ, ਸਭ ਨੂੰ ਕਹੀਏ।
ਨਾਨਕ, ਸ਼ੇਖ, ਫ਼ਰੀਦ ਤੇ ਬੁੱਲ੍ਹਾ,
ਜਦ ਤੱਕ ਦੋਹਾਂ ਦੇ ਅੰਗ ਸੰਗ ਹੈ।
ਸਾਡੀ ਤੁਹਾਡੀ ਕਾਹਦੀ ਜੰਗ ਹੈ।
●

ਗੀਤ

(ਇਸ ਗੀਤ ਦੀਆਂ ਪ੍ਰੇਰਕ ਸਤਰਾਂ ਦੇ ਸ਼ਾਇਰ, ਸਵ. ਸੂਬਾ ਸਿੰਘ ਜੀ ਦੇ ਨਾਂ)

ਸ਼ਹਿਰ ਲਾਹੌਰੋਂ ਅੰਬਰਸਰ ਦਾ।
ਕਰੀਏ ਪੈਂਡਾ ਘਰ ਤੋਂ ਘਰ ਦਾ।

ਧਰਤੀ ਵੰਡੀ ਲੀਕਾਂ ਵਾਹੀਆਂ।
ਥਾਂ ਥਾਂ ਆਪੇ ਗੱਡੀਆਂ ਫਾਹੀਆਂ।
ਪੀੜਾਂ ਮਿਲ ਗਈਆਂ ਅਣਚਾਹੀਆਂ।
ਡੂੰਘਾ ਜ਼ਖ਼ਮ ਕਿਉਂ ਨਹੀਂ ਭਰਦਾ?
ਸ਼ਹਿਰ ਲਾਹੌਰੋਂ ਅੰਬਰਸਰ ਦਾ।

ਲਾਟ ਇਨ੍ਹਾਂ ਦੀ ਜੁਗ ਜੁਗ ਜੀਵੇ।
ਦੀਵੇ ਚੋਂ ਕਾਂ ਤੇਲ ਨਾ ਪੀਵੇ।
ਜਗਦੇ ਰਹਿਣ ਮੁਹੱਬਤੀ ਦੀਵੇ।
ਜਿਹੜਾ ਦੂਰ ਹਨੇਰ੍ਹੇ ਕਰਦਾ।
ਕਰੀਏ ਪੈਂਡਾ ਘਰ ਤੋਂ ਘਰ ਦਾ।

ਚੜ੍ਹੀ ਬਰਾਤ ਸਜੀ ਹੈ ਘੋੜੀ।
ਗਾ ਨੀ ਭੈਣੇ ਵੀਰ ਦੀ ਘੋੜੀ।
ਰਹੇ ਸਲਾਮਤ ਜੁਗ ਜੁਗ ਤੋੜੀ।
ਜੋ ਵੀ ਅਮਨਾਂ ਦੀ ਗੱਲ ਕਰਦਾ।
ਕਰੀਏ ਪੈਂਡਾ ਘਰ ਤੋਂ ਘਰ ਦਾ।

ਵਾਘਿਓਂ ਪਾਰ ਵੱਸਦਿਆ ਯਾਰਾ!
ਬਾਤ ਮੇਰੀ ਦਾ ਭਰੀਂ ਹੁੰਗਾਰਾ।
ਓਦੋਂ ਤੱਕ ਨਹੀਂ ਸੌਣ ਆਪਾਂ,
ਜਦ ਤੀਕਣ ਨੇਰ੍ਹਾ ਨਹੀਂ ਮਰਦਾ।

ਸ਼ਹਿਰ ਲਾਹੌਰੋਂ ਅੰਬਰਸਰ ਦਾ,
ਕਰੀਏ ਪੈਂਡਾ ਘਰ ਤੋਂ ਘਰ ਦਾ।

❑

ਰਾਜ ਭਾਗ ਵਾਲਿਓ

ਰਾਜ ਭਾਗ ਵਾਲਿਉ ! ਕਮਾਲ ਕਰੀ ਜਾਂਦੇ ਓ।
ਜਿੱਥੋਂ ਜੋ ਵੀ ਮਿਲੇ, ਓਹੀ ਮਾਲ ਚਰੀ ਜਾਂਦੇ ਓ।

ਮਹਿੰਗੇ ਮੁੱਲ ਲਈਆਂ ਸਾਡੇ ਵੱਡਿਆਂ ਆਜ਼ਾਦੀਆਂ।
ਅੱਧੀ ਰਾਤੇ ਧਰਤੀ ਨੂੰ ਡੰਗਿਆ ਫਸਾਦੀਆਂ।
ਦਿਨ ਚੜ੍ਹੇ ਝੋਲੀ ਵਿਚ ਪਈਆਂ ਬਰਬਾਦੀਆਂ।
ਧਰਮਾਂ ਦੇ ਸਿਰ ਇਲਜ਼ਾਮ ਧਰੀ ਜਾਂਦੇ ਓ!

ਲੋੜਦੇ ਗਰੀਬ ਰੋਟੀ ਕੱਪੜਾ ਮਕਾਨ ਜੀ।
ਐਟਮਾਂ ਦੇ ਢੇਰ ਉੱਤੇ ਸੁੱਕਦੀ ਏ ਜਾਨ ਜੀ।
ਏਸੇ ਨੂੰ ਹੀ ਆਖਦੇ ਹੋ ਦੀਨ ਤੇ ਈਮਾਨ ਜੀ।
ਨਾਲ ਖੁੰਢੀ ਛੁਰੀ ਦੇ ਹਲਾਲ ਕਰੀ ਜਾਂਦੇ ਓ!

ਡਾਂਗ ਨਾਲ ਨਾਪਦੇ ਹੋ ਚੋਰੀਆਂ ਦੇ ਮਾਲ ਨੂੰ।
ਸੌਂਪ ਜ਼ੁੰਮੇਵਾਰੀ ਇਨਸਾਫ਼ ਦੀ ਚੰਡਾਲ ਨੂੰ।
ਹਰ ਵੇਲੇ ਟਾਲ਼ੀ ਜਾਉ ਰੋਟੀ ਦੇ ਸੁਆਲ ਨੂੰ।
ਆਖਦੇ ਹੋ ਸਾਨੂੰ ਤੁਸੀਂ ਐਵੇਂ ਮਰੀ ਜਾਂਦੇ ਓ।

ਵੇਚਦੇ ਬਾਰੂਦ ਨਾਲੇ ਅਮਨਾਂ ਦੀ ਰਾਗਣੀ।
ਦੱਸੋ ਇਹ ਮੀਜ਼ਾਈਲ ਕਿਹੜੀ ਕੋਇਲ ਉੱਤੇ ਦਾਗਣੀ।
ਸੁੱਤੀ ਪਈ ਜ਼ਮੀਰ ਦੱਸੋ ਹੋਰ ਕਦੋਂ ਜਾਗਣੀ।
ਰਾਜਿਆਂ ਨੂੰ ਤੋਪਾਂ ਦੇ ਦਲਾਲ ਕਰੀ ਜਾਂਦੇ ਓ!

ਰੋਟੀਆਂ ਦੀ ਵੰਡ ਵੇਲੇ ਬਾਂਦਰਾਂ ਦੀ ਸਾਲਸੀ।
ਕਿਸੇ ਵੇਲੇ ਸੁਣੀ ਅਸਾਂ ਏਸਰਾਂ ਮਿਸਾਲ ਸੀ।
ਤੁਸੀਂ ਵੀ ਤਾਂ ਓਹੀ ਅਪਣਾਈ ਜਾਪੇ ਚਾਲ ਸੀ।
ਆਪਣੇ ਹੀ ਘਰਾਂ ਨੂੰ ਨਿਹਾਲ ਕਰੀ ਜਾਂਦੇ ਓ।

ਹੀਰ ਹੱਥੋਂ ਕੈਦੋ ਵੇਖੋ! ਖਾਈ ਜਾਵੇ ਚੂਰੀਆਂ।
ਰਾਂਝਿਆ ਭਰਾਵਾ ਚੱਲ ਛੱਡ, ਮੱਝਾਂ ਬੂਰੀਆਂ।
ਤੈਨੂੰ ਕਿਹੜਾ ਏਥੇ ਨੇ ਸਿਆਸੀ ਮਜਬੂਰੀਆਂ।
ਹੱਕਦਾਰ ਲੁੱਟ ਕੇ ਕੰਗਾਲ ਕਰੀ ਜਾਂਦੇ ਓ।

●

ਸੰਤਾਲੀ ਮੁੜ ਨਾ ਆਵੇ

ਅੱਥਰੂ ਅੱਥਰੂ ਦਿਲ ਦਾ ਵਿਹੜਾ,
ਦੋਹਾਂ ਨੂੰ ਸਮਝਾਵੇ ਕਿਹੜਾ,
ਸਾਡੇ ਪੱਲੇ ਪਾਈ ਜਾਂਦੇ ਹੌਕੇ ਹੰਝੂ ਹਾਵੇ।
ਅੱਜ ਅਰਦਾਸ ਕਰੋ, ਸੰਤਾਲੀ ਮੁੜ ਨਾ ਆਵੇ।

ਲੱਕ ਲੱਕ ਹੋਏ ਬਾਜਰੇ ਚਰ੍ਹੀਆਂ।
ਰਾਵੀ ਕੰਢੇ ਰੀਝਾਂ ਮਰੀਆਂ।
ਕਿਸਨੂੰ ਕੌਣ ਦਏ ਦਿਲਬਰੀਆਂ।
ਅੱਧੀ ਸਦੀ ਗੁਜ਼ਾਰ ਕੇ ਪੱਲੇ, ਅੱਜ ਵੀ ਸਿਰਫ਼ ਪਛਤਾਵੇ।
ਅੱਜ ਅਰਦਾਸ ਕਰੋ, ਸੰਤਾਲੀ ਮੁੜ ਨਾ ਆਵੇ।

ਚੌਧਰ ਤੇ ਕਾਬਜ਼ ਹੈ ਗੁੰਡੀ।
ਨਮੇ ਨੂੰ ਅਮਰੀਕਨ ਸੁੰਡੀ।
ਅੱਜ ਤੱਕ ਸਮਝ ਨਾ ਆਈ ਘੁੰਡੀ।
ਧਰਮ ਪੰਖ ਲਾ ਉਡਰਿਆ ਏਥੋਂ, ਕੋਈ ਨਾ ਲੱਭਣ ਜਾਵੇ।
ਅੱਜ ਅਰਦਾਸ ਕਰੋ, ਸੰਤਾਲੀ ਮੁੜ ਨਾ ਆਵੇ।

ਪੈ ਗਈ ਔੜ, ਗਈ ਹਰਿਆਲੀ।
ਚਿਹਰਿਆਂ ਉਤੋਂ ਉੱਡ ਗਈ ਲਾਲੀ।
ਫੁੱਲਾਂ ਤੋਂ ਬਿਨ ਸੁੰਨੀ ਡਾਲ਼ੀ।
ਇਸ ਮੌਸਮ ਵਿਚ ਭਲਾ ਪਪੀਹਾ, ਕਿਹੜਾ ਗੀਤ ਸੁਣਾਵੇ?
ਅੱਜ ਅਰਦਾਸ ਕਰੋ, ਸੰਤਾਲੀ ਮੁੜ ਨਾ ਆਵੇ।

ਸੁਰਖ਼ ਲਹੂ ਵਿਚ ਘੁਲ਼ਿਆ ਪਾਣੀ।
ਚਾਟੀ ਸਣੇ ਉਦਾਸ ਮਧਾਣੀ।
'ਕੱਲ੍ਹੀ ਤੰਦ ਨਾ ਉਲਝੀ ਤਾਣੀ।
ਜੀਂਦੇ ਜੀਅ ਅਸੀਂ ਬੰਦਿਓਂ ਬਣ ਗਏ, ਰਾਜ ਤਖ਼ਤ ਦੇ ਪਾਵੇ।
ਅੱਜ ਅਰਦਾਸ ਕਰੋ, ਸੰਤਾਲੀ ਮੁੜ ਨਾ ਆਵੇ।

❑

ਜੰਗਲ ਦੇ ਵਿਚ ਸ਼ੇਰ ਨਾ ਬਣ ਤੂੰ

ਜੰਗਲ ਦੇ ਵਿਚ ਸ਼ੇਰ ਨਾ ਬਣ ਤੂੰ,
ਜੱਗ ਤੋਂ ਪਸ਼ੂ ਕਹਾਵੇਂਗਾ।
ਜੰਗਲ ਜੋਗਾ ਰਹਿ ਕੇ ਦੱਸ ਤੂੰ
ਫਿਰ ਕਿੱਧਰ ਨੂੰ ਜਾਵੇਂਗਾ ?

ਦੁਨੀਆਂ ਦੇ ਵਿਚ ਮਾਰ ਮਰੱਈਆ।
ਤੇਰੀ ਥੈਲੀ ਵਿਚ ਰੁਪੱਈਆ।
ਮੰਨਿਆ ਤੂੰ ਵੱਡਾ ਮੁਲਖ਼ਈਆ।
ਏਨੇ ਪੱਥਰ ਬੇੜੀ ਇੱਕੋ,
ਸਾਗਰ ਵਿਚ ਡੁੱਬ ਜਾਵੇਂਗਾ।

ਏਨੀ ਬਹੁਤੀ ਅੱਤ ਨਾ ਚੰਗੀ।
ਕੁੱਲ ਦੁਨੀਆਂ ਸੂਲੀ ਤੇ ਟੰਗੀ।
ਧਾਰੇਂ ਨੀਤੀ ਰੰਗ-ਬਰੰਗੀ।
ਦੂਜੇ ਦੇ ਘਰ ਬਾਲ ਮੁਆਤਾ,
ਆਪ ਕਿਵੇਂ ਬਚ ਜਾਵੇਂਗਾ ?

ਕਰਦੈਂ ਜਬਰ, ਅਜਾਰੇਦਾਰਾ।
ਹਥਿਆਰਾਂ ਦੇ ਸਿਰ ਸਰਦਾਰਾ।
ਪੁੱਠੀਆਂ ਮੱਤਾਂ, ਉਲਟਾ ਕਾਰਾ।
ਜੇਕਰ ਪਿੱਛੇ ਮੁੜ ਨਾ ਹੋਇਆ,
ਅੱਗੇ ਕਿੱਧਰ ਜਾਵੇਂਗਾ ?

ਲਿੱਸਿਆਂ ਤੇ ਤਲਵਾਰ ਚਲਾਵੇਂ।
ਲਾਸ਼ਾਂ ਦੇ ਅੰਬਾਰ ਲਗਾਵੇਂ।
ਫਿਰ ਤੂੰ ਬੱਗਾ ਸ਼ੇਰ ਕਹਾਵੇਂ।
ਸਿਵਿਆਂ ਅੰਦਰ ਮਿੱਟੀ ਉੱਤੇ,
ਕਿੱਦਾਂ ਹੁਕਮ ਚਲਾਵੇਂਗਾ?

ਪਹਿਲਾਂ ਤੂੰ ਸ਼ੈਤਾਨ ਸ਼ਿੰਗਾਰੇਂ।
ਰੌਲਾ ਪਾ ਲੋਕਾਂ ਨੂੰ ਚਾਰੇਂ।
ਫਿਰ ਤੂੰ ਉਸ ਨੂੰ ਫੜ ਕੇ ਮਾਰੇਂ।
ਕਾਠ ਦੀ ਹਾਂਡੀ ਦੇ ਵਿਚ ਦੱਸ ਤੂੰ,
ਕਦ ਤੱਕ ਲਾਸ਼ ਪਕਾਵੇਂਗਾ!

ਬੁਰਿਆ ਤੂੰ ਕਰਦੈਂ ਬੁਰਿਆਈ।
ਮੂੰਹੋ ਆਖੇਂ ਲੋਕ-ਭਲਾਈ।
ਮਾਰੇਂ ਡਾਕੇ ਕਹੇਂ ਕਮਾਈ।
ਏਨੀ ਦੌਲਤ 'ਕੱਠੀ ਕਰਕੇ,
ਫਿਰ ਕਿਹੜਾ ਰੱਜ ਜਾਵੇਂਗਾ ?

ਤੇਰੇ ਹੁੰਦਿਆ ਡਰਦੇ ਰਹੀਏ।
ਜਾਣਦਿਆਂ ਵੀ, ਕੁਝ ਨਾ ਕਹੀਏ।
ਤੇਰਾ ਜਬਰ ਕੁਹਾੜਾ ਸਹੀਏ।
ਜੇ ਦਮ ਘੁੱਟ ਕੇ ਮਰ ਗਏ ਆਪਾਂ,
ਕਿਸ ਤੇ ਰੋਅਬ ਜਮਾਵੇਂਗਾ?
●

❑

ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ

ਆਪਣੇ ਤੋਂ ਦੂਰ ਜ਼ਰਾ ਹਟ ਕੇ ਖਲੋ!
ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ।

ਬਿੱਲੀਏ ਨੀ ਕਿਹੜੀ ਗੱਲੋਂ ਸ਼ੋਰ ਤੂੰ ਮਚਾਇਆ।
ਤੇਰਾ ਹੀ ਪੜ੍ਹਾਇਆ ਦੈਂਤ ਖਾਣ ਤੈਨੂੰ ਆਇਆ।
ਤੇਰੇ ਅੱਗੇ ਆਇਆ, ਤੇਰਾ ਖੱਟਿਆ ਕਮਾਇਆ।
ਲੋਕਾਂ ਵਾਲੀ ਗੱਲ ਤੇਰੇ ਨਾਲ ਗਈ ਜੇ ਹੋ!
ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ।

ਜ਼ਿੰਦਗੀ ਤੇ ਡਾਕੇ ਸਦਾ ਮਾਰਦੇ ਚੰਡਾਲ!
ਨਾਗਾਸਾਕੀ, ਹੀਰੋਸ਼ੀਮਾ ਜਾਗਦੇ ਸਵਾਲ!
ਓਸ ਧੂੰਏਂ ਨਾਲ ਹਾਲੇ ਅੱਖੀਆਂ ਨੇ ਲਾਲ!
ਛੱਡਦਾ ਬਾਰੂਦ ਸਦਾ ਗੰਦੀ ਬਦ ਬੋ!
ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ।

ਦੇਵਤਾ ਸਰੂਪ ਬਣੇਂ ਵਿਚੋਂ ਹੈਂ ਤੂੰ ਨਾਗ।
ਸੁਣਦਾ ਨਾ ਕਦੇ ਵੀ ਤੂੰ ਅਮਨਾਂ ਦਾ ਰਾਗ।
ਏਨੀ ਵੱਡੀ ਸੱਟ ਖਾ ਕੇ ਹੁਣ ਵੀ ਤੂੰ ਜਾਗ।
ਛੱਡ ਸਰਦਾਰੀ, ਭਾਈਚਾਰੇ 'ਚ ਖਲੋ!
ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ।

ਸਮੇਂ ਦੀ ਕਿਤਾਬ ਵਿਚੋਂ ਕਰ ਲੈ ਪੜ੍ਹਾਈ।
ਕੌਣ ਜਿੱਤ ਸਕੇ ਹਥਿਆਰਾਂ ਦੀ ਲੜਾਈ।
ਲੜਨੀ ਤਾਂ ਲੜ ਤੂੰ ਵਿਚਾਰਾਂ ਦੀ ਲੜਾਈ।
ਕਦੇ ਵੀ ਬੰਦੂਕ ਵਿਚੋਂ ਨਿਕਲੇ ਨਾ ਮੋਹ।
ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ।

ਦੁਨੀਆਂ 'ਚ ਤੇਰੀ ਪੈਸੇ ਜ਼ੋਰ ਸਰਦਾਰੀ।
ਭੇੜਿਆਂ ਦੇ ਨਾਲ ਸਦਾ ਰੱਖਦਾ ਏਂ ਯਾਰੀ।
ਉਨ੍ਹਾਂ ਨੇ ਹੀ ਅੱਜ ਤੇਰੀ ਪੱਗ ਹੈ ਉਤਾਰੀ।
ਤੇਰੀ ਸ਼ਹਿ ਤੇ ਲਿੱਸਿਆਂ ਨੂੰ ਘੂਰਦੇ ਸੀ ਜੋ।
ਖ਼ੂਨ ਵਾਲੇ ਹੱਥ ਨਾ ਤੂੰ ਖ਼ੂਨ ਨਾਲ ਧੋ।

●

❑

ਭੰਗੜਾ ਸਿਆਲਕੋਟ ਦਾ

ਹੱਸਦੇ ਗਾਉਂਦੇ ਖੁਸ਼ੀ ਮਨਾਉਂਦੇ, ਨੱਚਦੇ ਧਰਤੀ ਪੈਰ ਨਾ ਲਾਉਂਦੇ।
ਨਵੇਂ ਨਕੋਰ ਖੜਕਵੇਂ ਲੀੜੇ, ਬੰਨ੍ਹ ਕੇ ਚਾਦਰੇ ਪਿੜ ਵਿਚ ਆਉਂਦੇ।
ਕਹਿੰਦੇ ਢੋਲੀਆ ਡੱਗਾ ਮਾਰ ਤੂੰ, ਲਾ ਦੇ ਸੱਦ ਤੂੰ ਨੂਰ ਓਏ।
ਭੰਗੜਾ ਸਿਆਲਕੋਟ ਦਾ ਮਸ਼ਹੂਰ ਓਏ।

ਪੱਕੀ ਕਣਕ ਵਿਸਾਖੀ ਆਈ, ਜੱਟਾਂ ਦੇ ਘਰ ਰੌਣਕ ਆਈ।
ਘਰ ਦੀ ਕੱਢੀ, ਨਾਗ ਦੀ ਬੱਚੀ, ਪੀ ਕੇ ਸਭ ਨੇ ਖੁਸ਼ੀ ਮਨਾਈ।
ਰੱਬ ਦੀਆਂ ਰੱਖਾਂ ਰਹੇ ਸਲਾਮਤ, ਪੈ ਗਿਆ ਅੰਬਾਂ ਨੂੰ ਬੂਰ ਓਏ।
ਭੰਗੜਾ ਸਿਆਲਕੋਟ ਦਾ ਮਸ਼ਹੂਰ ਓਏ।

ਲੰਮੀ ਗਰਦਨ ਕਾਲੀ ਗਾਨੀ, ਸੱਪ ਦੀ ਤੋਰ ਤੁਰੇਂ ਮਸਤਾਨੀ।
ਮਿਰਗਾਂ ਕੋਲੋਂ ਨੈਣ ਉਧਾਰੇ, ਲੈ ਕੇ ਚਾੜ੍ਹੇ ਤੀਰ ਕਮਾਨੀਂ।
ਹਾਰ ਹਮੇਲਾਂ ਵਾਲੀ ਜੱਟੀ, ਤੱਕ ਤੱਕ ਚੜ੍ਹੇ ਸਰੂਰ ਓਏ।
ਭੰਗੜਾ ਸਿਆਲਕੋਟ ਦਾ ਮਸ਼ਹੂਰ ਓਏ।

ਪੈਰੀਂ ਜੁੱਤੀ ਨਾਰੋਵਾਲ ਦੀ, ਮਿਲੀ ਨਾ ਕਿਤਿਓਂ ਇਹਦੇ ਨਾਲ ਦੀ।
ਤੋਰ ਮਟਕਣੀ ਤੁਰਦੈਂ ਗੱਭਰੂਆਂ, ਰੀਸ ਕਰਾਂ ਕੀ ਤੇਰੀ ਚਾਲ ਦੀ।
ਲਾਹੌਰ ਤੇ ਪਸ਼ੌਰ ਇਹਦੀ ਨੋਕ ਤੋਂ ਮੈਂ ਵਾਰਾਂ, ਭਾਵੇਂ ਬਦਲੇ ਵਿਚ ਲੈ ਲਈ ਪਸਰੂਰ ਓਏ।
ਭੰਗੜਾ ਸਿਆਲਕੋਟ ਦਾ ਮਸ਼ਹੂਰ ਓਏ।

ਨੱਚਦੇ ਲੁੱਡੀਆਂ ਪਾਉਣ ਧਮਾਲਾਂ, ਹੱਥ ਵਿਚ ਸ਼ੀਸ਼ੇ ਕਰਨ ਕਮਾਲਾਂ।
ਦਰਿਆਵਾਂ ਨੂੰ ਤੋਰਾਂ ਭੁੱਲੀਆਂ, ਵੇਖ ਵੇਖ ਇਨ੍ਹਾਂ ਦੀਆਂ ਚਾਲਾਂ।
ਇਕੋ ਪਛਤਾਵਾ ਮੈਨੂੰ ਵੱਢ ਵੱਢ ਖਾਵੇ, ਜਿਹੜਾ ਹੋ ਗਿਆ ਅੱਖਾਂ ਤੋਂ ਦੂਰ ਓਏ।
ਭੰਗੜਾ ਸਿਆਲਕੋਟ ਦਾ ਮਸ਼ਹੂਰ ਓਏ।

●

❑

ਖੰਭ ਖਿੱਲਰੇ ਨੇ ਕਾਵਾਂ ਦੇ

ਖੰਭ ਖਿੱਲਰੇ ਨੇ ਕਾਵਾਂ ਦੇ।
ਰੋਕ ਲਉ ਨਿਸ਼ਾਨੇ ਬਾਜ਼ੀਆਂ,
ਪੁੱਤ ਮੁੱਕ ਚੱਲੇ ਮਾਵਾਂ ਦੇ।

ਕਿੱਥੇ ਉੱਡੀਆਂ ਗੁਟਾਰਾਂ ਨੇ।
ਐਤਕੀਂ ਨਾ ਤੀਆਂ ਨੱਚੀਆਂ,
ਸਾਡੇ ਪਿੰਡ ਮੁਟਿਆਰਾਂ ਨੇ।

ਵੱਜਦਾ ਏ ਢੋਲ ਪਿਆ।
ਫੇਰ ਕੀ ਜਵਾਬ ਦਿਓਗੇ,
ਸਾਰਾ ਪਿੰਡ ਹੀ ਜੇ ਬੋਲ ਪਿਆ।

ਮਾਵਾਂ ਦੀ ਛਾਂ ਖ਼ਤਰੇ।
ਗੋਦੀ ਚ ਖਿਡੌਣਾ ਟੁੱਟਿਆ,
ਢਿੱਡੋਂ ਜੰਮਦਿਆਂ ਪਏ ਖ਼ਤਰੇ।

ਤਲੀਆਂ ਤੇ ਮਹਿੰਦੀ ਏ।
ਜਦੋਂ ਵੀ ਕਿਤੇ ਉੱਲੂ ਬੋਲਦੇ,
ਮੇਰੀ ਜਾਨ ਤਰਹਿੰਦੀ ਏ।

ਲੱਕੜੀ ਵਿਚ ਕਿੱਲ ਠੋਕਾਂ।
ਹੜ੍ਹ ਦਰਿਆਵਾਂ ਦੇ,
ਕੱਲਾ ਕੱਖ ਮੈਂ ਕਿਵੇਂ ਰੋਕਾਂ।

●

❑

ਕਸ਼ਮੀਰ ਮੰਗਦਾ ਆਦਮੀ

ਅੱਧੀ ਰਾਤ ਵੇਲੇ,
ਜਦ ਮੈਂ ਲਹੌਰ ਦੇ ਪੰਜ ਤਾਰਾ ਹੋਟਲ ਫਲੈਟੀਜ਼ ਵਿਚ ਚੱਲਦੇ,
ਸਮਾਰੋਹ ਤੋਂ ਵਿਹਲਾ ਹੋਇਆ,
ਤਾਂ ਬਾਹਰ ਨਿਕਲਦਿਆਂ,
ਢਿਚਕੂੰ ਢਿਚਕੂੰ ਕਰਦੇ,
ਇੱਕ ਸਾਈਕਲ ਵਾਲੇ ਸ਼ਰਾਬੀ ਨੇ,
ਮੈਨੂੰ ਪਿੱਛਿਉਂ ਆਵਾਜ਼ ਮਾਰੀ।
ਸਰਦਾਰ ਜੀ! ਕਸ਼ਮੀਰ ਕਦੋਂ ਦਿਓਗੇ ?
ਮੈਂ ਕਿਹਾ।
ਹੁਣੇ ਹੀ ਦੇਵਾਂ ਕਿ ਸਵੇਰ ਤੀਕ ਸਾਰ ਲਵੇਂਗਾ ?
ਬੋਲਿਆ! "ਸਰਦਾਰ ਜੀ ਮਜ਼ਾਖਾਂ ਪਏ ਕਰਦੇ ਓ"।
ਮੈਂ ਕਿਹਾ,
"ਤੇ ਪਹਿਲਾਂ ਤੂੰ ਕੀਹ ਕੀਤਾ ਸੀ" ?

ਮੇਰੇ ਕੋਲ ਤਾਂ ਸਿਰਫ਼ ਮੁਹੱਬਤ ਦੀਆਂ ਮੋਮਬੱਤੀਆਂ ਨੇ।
ਜਾਂ ਸ਼ਬਦਾਂ ਦੀ ਜਮ੍ਹਾਂ ਪੂੰਜੀ।
ਮੈਂ ਤੇਰੇ ਸ਼ਹਿਰ ਓਹੀ ਲੈ ਕੇ ਆਇਆ ਹਾਂ।
ਅਸੀਂ ਮਨਾਂ ਤੇ ਰਾਜ ਕਰਨਾ ਹੈ।
ਤਨਾਂ ਤੇ ਨਹੀਂ।

ਤਨਾਂ ਵਾਲਿਆਂ ਨੂੰ ਧਰਤੀ ਚਾਹੀਦੀ ਹੈ।
ਤੇ ਮਨਾਂ ਵਾਲਿਆਂ ਨੂੰ
ਆਜ਼ਾਦ ਸੁਪਨਿਆਂ ਲਈ ਸਰਬ ਸਾਂਝਾ ਅੰਬਰ।
ਆ! ਸਾਂਝੇ ਸੁਪਨੇ ਲਈ ਬਗਲਗੀਰ ਹੋਈਏ।

ਮੈਂ ਪੁੱਛਿਆ! ਜਵਾਨਾ!
ਤੂੰ ਕੰਮ ਕੀਹ ਕਰਦੈਂ ?

ਬੋਲਿਆ, ਮਜ਼ਦੂਰੀ ਕਰਨਾਂ,
ਸੌ ਰੁਪਈਏ ਦਿਹਾੜੀ ਦੀ।
ਏਨਾ ਸੁਣ ਕੇ ਮੈਨੂੰ ਆਪਣੇ ਸ਼ਹਿਰ ਦੇ
ਇਹੋ ਜਹੇ ਬਹੁਤੇ ਸਾਰੇ ਲੋਕ ਚੇਤੇ ਆਏ।
ਜਿੰਨ੍ਹਾਂ ਦੀ ਦਿਹਾੜੀ ਵੀ ਸੌ ਰੁਪਈਏ ਹੀ ਹੈ।

ਇਹਦੇ ਵਾਂਗ ਹੀ ਮੰਗਦੇ ਨੇ ਉਹ ਵੀ,
ਕਦੇ ਕਸ਼ਮੀਰ ! ਕਦੇ ਖ਼ਾਲਿਸਤਾਨ।
ਕਦੇ ਕੁਝ ! ਕਦੇ ਕੁਝ !
ਜੇ ਨਹੀਂ ਮੰਗਦੇ ਤਾਂ ਕਦੇ ਨਹੀਂ ਮੰਗਦੇ,
ਦਿਹਾੜੀ ਵਿਚੋਂ ਘੱਟ ਮਿਲਦਾ
ਇੱਕ ਹੋਰ ਸੌ ਰੁਪਈਆ।

ਜਿਸਨੂੰ ਦੋਹਾਂ ਮੁਲਕਾਂ ਦੇ ਹਾਕਮ,
ਸਰਹੱਦਾਂ ਤੇ ਪਟਾਕੇ ਚਲਾਉਣ ਲਈ,
ਪਹਿਲਾਂ ਹੀ ਕਾਟ ਕੱਟ ਕੇ ਰੱਖ ਲੈਂਦੇ ਨੇ।
●

❑

ਸੁਰਗ ਲੱਭਦਿਆਂ ਨੂੰ

ਨਰਕ ਦਾ ਪਸਾਰਾ
ਏਸੇ ਲਈ ਵਧ ਰਿਹਾ ਹੈ।
ਕਿਉਂਕਿ ਧਰਤੀ ਤੇ ਵੱਸਦੇ ਬਹੁਤੇ ਲੋਕ
ਸੁਰਗ ਕਿਤੋਂ ਹੋਰ ਲੱਭਦੇ ਨੇ।

*

ਸਰਹੱਦਾਂ ਬਹੁਤ ਸੁਰੱਖਿਅਤ ਨੇ

ਹੁਣ ਸਰਹੱਦਾਂ ਬਹੁਤ ਸੁਰੱਖਿਅਤ ਨੇ
ਕਿਉਂਕਿ ਦੁਸ਼ਮਣ ਹੁਣ
ਸਰਹੱਦਾਂ ਥਾਣੀਂ ਨਹੀਂ ਆਉਂਦਾ।
ਤੁਹਾਡੇ ਘਰ, ਵਿਹੜੇ, ਰਸੋਈ, ਬੈੱਡਰੂਮ ਜਾਂ ਜਿੱਥੇ ਚਾਹੇ,
ਜਦੋਂ ਚਾਹੇ,
ਜਿਵੇਂ ਚਾਹੇ ਵੜ ਸਕਦਾ ਹੈ।
ਐਨਟੀਨੇ ਦੀ ਛਤਰੀ ਜਾਂ ਕੇਬਲ ਤਾਰ ਰਾਹੀਂ,
ਤੁਹਾਡੀ ਥਾਲੀ ਵਿਚੋਂ ਰੋਟੀ ਚੁੱਕ ਕੇ,
ਤੁਹਾਡੇ ਹੱਥਾਂ ਵਿਚ,
ਆਪਣੀ ਮਰਜ਼ੀ ਦਾ ਕੋਈ
ਹੋਰ ਪਕਵਾਨ ਫੜਾ ਸਕਦਾ ਹੈ।
ਤੁਹਾਡੇ ਪੁੱਤਰ ਧੀ ਨੂੰ
ਜਿਹੋ ਜਿਹਾ ਚਾਹੇ ਬਣਾ ਸਕਦਾ ਹੈ।
ਤੁਹਾਡੇ ਸਰੀਰ ਤੇ ਜ਼ਮੀਰ ਨੂੰ,
ਕੁਝ ਵੀ ਕਹੇ ਬਗੈਰ,
ਆਪਣਾ ਗੁਲਾਮ ਬਣਾ ਸਕਦਾ ਹੈ।

●

ਆਵਾਜ਼ ਦਿਓ

ਕਬਰਾਂ ਚ ਪਏ ਮੁਰਦਾ ਸਰੀਰੋ,
ਆਵਾਜ਼ ਦਿਉ।
ਘਰਾਂ ਚ ਟੀ. ਵੀ. ਦੇਖਦੇ ਮਿਹਰਬਾਨ ਵੀਰੋ,
ਚੁੱਪ ਨਾ ਬੈਠੋ! ਆਵਾਜ਼ ਦਿਓ।
ਨੌਕਰੀ ਕਰਦੀਉ ਮੇਜ਼ ਕੁਰਸੀਉ,
ਕੁਝ ਤਾਂ ਕਹੋ।
ਜਬਰ ਝੱਲਣ ਨੂੰ ਸਬਰ ਨਾ ਕਹੋ।
ਦੂਰ ਦੇਸ ਚੱਲਦੇ ਪਟਾਕੇ,
ਜੇ ਅੱਜ ਤੁਹਾਡੇ ਘਰ ਖ਼ਬਰਾਂ ਘੱਲਦੇ ਨੇ,
ਤਾਂ ਕੱਲ੍ਹ ਨੂੰ ਚਿੱਟੀਆਂ ਚੁੰਨੀਆਂ ਵੀ ਭੇਜ ਸਕਦੇ ਨੇ।
●

ਅੱਗ ਦੇ ਖਿਡੌਣੇ

ਜਿੰਨ੍ਹਾਂ ਕੋਲ ਹਥਿਆਰ ਹਨ,
ਉਹ ਬਿਲਕੁਲ ਨਹੀਂ ਜਾਣਦੇ,
ਕਿ ਉਨ੍ਹਾਂ ਦੇ ਵਿਰੋਧੀਆਂ ਦੇ ਬੱਚੇ ਵੀ,
ਖਿਡੌਨਿਆਂ ਨਾਲ ਖੇਡਣਾ ਚਾਹੁੰਦੇ ਨੇ।
ਜਿੰਨ੍ਹਾਂ ਕੋਲ ਆਪਣੇ ਦੁਸ਼ਮਣਾਂ ਲਈ,
ਅੱਗ ਦੇ ਖਿਡੌਣੇ ਨੇ।
ਜੋ ਉਨ੍ਹਾਂ ਦੂਰ ਦੇਸ ਜਾ ਕੇ,
ਸ਼ੌਕੀਆ ਚਲਾਉਣੇ ਨੇ।
ਕਿਵੇਂ ਜਾਣ ਸਕਦੇ ਨੇ ?
ਕਿ ਬੱਚਿਆ ਲਈ ਖਿਡੌਣੇ ਇਹੋ ਜਹੇ ਨਹੀਂ ਹੁੰਦੇ।
●

ਆਕੀ ਰਹੇ ਨਾ ਕੋਇ

ਉਨ੍ਹਾਂ ਨੇ ਧਰਤੀ ਤੇ,
ਪੂਰਾ ਨਕਸ਼ਾ ਵਾਹਿਆ, ਤੇ ਚਾਹਿਆ।
"ਆਕੀ ਰਹੇ ਨਾ ਕੋਇ"
ਬਾਕੀ ਰਹੇ ਨਾ ਕੋਇ।
ਉਨ੍ਹਾਂ ਧਰਤੀ ਤੇ ਸੁਹਾਗਾ ਫੇਰਿਆ,
ਤੇ ਐਲਾਨ ਕੀਤਾ।
ਹੁਣ ਧਰਤ ਪੱਧਰੀ ਹੈ,
ਕੋਈ ਵੀ ਥਾਂ ਉੱਚੀ ਨੀਵੀਂ ਨਹੀਂ।
ਉਨ੍ਹਾਂ ਧਰਤੀ ਵਿਚ ਦਾਣੇ ਨਹੀਂ,
ਬਾਰੂਦ ਬੀਜਿਆ,
ਤੇ ਆਪਣੇ ਬੱਚਿਆਂ ਨੂੰ ਆਖਿਆ,
ਇਸ ਸਾਰੀ ਧਰਤ ਦੇ ਤੁਸੀਂ ਇਕੱਲੇ ਮਾਲਕ ਹੋ।
ਪਰ ਇਹ ਭੁੱਲ ਗਏ ਕਿ ਧਰਤੀ ਵਿਚ,
ਬਾਰੂਦ ਨਹੀਂ,
ਦਾਣੇ ਉੱਗਦੇ ਨੇ,
ਤੇ ਜਿਹੜੇ ਬਾਰੂਦ ਬੀਜਦੇ ਨੇ,
ਉਨ੍ਹਾਂ ਨੇ ਪੈਲੀਆਂ ਵਿਚੋਂ ਕਦੇ ਵੀ
ਫ਼ਸਲਾਂ ਨਹੀਂ ਵੱਢੀਆਂ।

❑

ਜੰਗ ਵਿਚ

ਜੰਗ ਵਿਚ ਹਥਿਆਰ ਨਹੀਂ,
ਆਦਮੀ ਮਰਦੇ ਨੇ।
ਟੈਂਕ, ਤੋਪਾਂ ਤੇ ਬੰਦੂਕਾਂ,
ਫ਼ਸਲਾਂ ਨਹੀਂ, ਮਨੁੱਖਤਾ ਨੂੰ ਚਰਦੇ ਨੇ।

ਅਣਲਿਖਿਆ ਇਤਿਹਾਸ ਪੁੱਛਦਾ ਹੈ।
ਭਲਾ ਇਹ ਈਸਾ ਦੇ ਵਾਰਿਸ,
ਏਦਾਂ ਕਿਉਂ ਕਰਦੇ ਨੇ ?
ਹਜ਼ਰਤ ਮੁਹੰਮਦ ਦੀ ਧਰਤੀ ਤੇ,
ਕਿਹੋ ਜਿਹਾ ਤਾਂਡਵ ਕਰਦੇ ਨੇ।
ਜਿਸ ਨਾਲ ਘਰ ਕਬਰਾਂ ਬਣਦੇ ਨੇ,
ਤੇ ਕਬਰਾਂ ਦਾ ਸੰਤਾਪ।
ਪਿੱਛੇ ਰਹਿ ਗਏ,
ਪੱਥਰ ਹੋਏ ਲੋਕ ਜਰਦੇ ਨੇ।

●

ਮੈਂ ਉਸ ਕਵੀ ਨੂੰ ਪੁੱਛਾਂਗਾ

ਮੈਂ ਉਸ ਕਵੀ ਨੂੰ ਜ਼ਰੂਰ ਪੁੱਛਾਂਗਾ।
ਰਾਤ ਦੇ ਹਨ੍ਹੇਰੇ ਵਿਚ ਤੂੰ ਕਿੱਥੇ ਸੀ ?
ਤੇ ਫਿਰ ਜਦੋਂ ਦਿਨ ਦੇ ਚਿੱਟੇ ਚਾਨਣੇ ਵਿੱਚ,
ਹਥਿਆਰ ਮਗਰੂਰ ਹੋਏ ਫਿਰ ਰਹੇ ਸਨ,
ਤੂੰ ਉਦੋਂ ਕਿੱਥੇ ਲੁਕ ਗਿਆ ਸੀ ?

ਮੈਂ ਉਸਦੀਆਂ ਕਵਿਤਾਵਾਂ ਦੀ ਤਲਾਸ਼ੀ ਲਵਾਂਗਾ।
ਤੇ ਲੱਭਾਂਗਾ ਉਨ੍ਹਾਂ ਸੁਪਨਿਆਂ ਦੇ ਅਸਥ।
ਜੋ ਉਸ ਦੇ ਨਾਲ ਹੀ,
ਬਿਨਾਂ ਸੜਿਆਂ ਸਵਾਹ ਹੋ ਗਏ।

ਮੈਂ ਉਸ ਕਵੀ ਦੀਆਂ ਕਿਤਾਬਾਂ ਚੋਂ ਲੱਭਾਂਗਾ।
ਕਿੱਥੇ ਗਈ ਉਸਦੀ ਭਖ਼ਦੀ ਜੀਵਨ ਚੰਗਿਆੜੀ।
ਜੋ ਉਹ ਸਾਨੂੰ ਸੁਪਨਿਆਂ ਦੇ ਭਾਅ ਵੇਚਦਾ ਰਿਹਾ।
ਸ਼ਬਦਾਂ ਓਹਲੇ ਲੁਕੇ ਸ਼ਾਇਰ ਨੂੰ,
ਜੇ ਮੈਂ ਨਾ ਵੀ ਪੁੱਛ ਸਕਿਆ,
ਤਾਂ ਵਕਤ ਜ਼ਰੂਰ ਪੁੱਛੇਗਾ।

ਮੈਂ ਰਾਤ ਨੂੰ ਪੁੱਛਿਆ

ਮੈਂ ਰਾਤ ਨੂੰ ਪੁੱਛਿਆ
ਤੂੰ ਦਿਨ ਨਾਲੋਂ ਕਈ ਗੁਣਾ ਕਾਲੀ ਕਿਉਂ ਹੈ ?
ਤੇਰੀ ਬੁੱਕਲ ਵਿਚ ਹੀ ਚੋਰ ਲੁਟੇਰੇ,
ਤੇ ਹੋਰ ਸਭ ਅਨਸਰ,
ਕਿਉਂ ਬਾਘੀਆਂ ਪਾਉਂਦੇ ਨੇ ?
ਉਸ ਨੇ ਦਿਨ ਦੇ ਚਿੱਟੇ ਚਾਨਣ ਵਰਗੇ
ਸਪਸ਼ਟ ਸ਼ਬਦਾਂ 'ਚ ਕਿਹਾ,
ਸੂਰਜ ਦੀ ਮੇਰੇ ਵੱਲ ਪਿੱਠ ਹੈ ਨਾ।
ਏਸ ਲਈ।
ਇੱਕੋ ਫ਼ਿਕਰੇ ਨਾਲ ਮੇਰੇ ਸਾਹਮਣੇ
ਬੜਾ ਕੁਝ ਬੇਪਰਦ ਹੋ ਗਿਆ।

●

ਵਿਸ਼ਵ ਮੰਡੀ

ਸਮੁੱਚਾ ਵਿਸ਼ਵ ਹੁਣ ਇੱਕ ਮੰਡੀ ਬਣ ਗਿਆ ਹੈ।
ਮਹਿੰਗਾਈ ਦੇ ਜ਼ਮਾਨੇ ਵਿਚ,
ਸਭ ਕੁਝ ਹੀ ਬੜਾ ਮਹਿੰਗਾ ਹੈ।
ਜੇ ਸਸਤਾ ਹੈ ਤਾਂ ਕੇਵਲ ਆਦਮੀ।
ਤੇ ਉਸ ਤੋਂ ਵੀ ਸਸਤੀ ਹੈ ਉਸਦੀ ਜ਼ਮੀਰ।
ਜੋ ਕਿਸੇ ਵੀ ਮਹਿੰਗੇ ਸਸਤੇ ਭਾਅ,
ਖ਼ਰੀਦੀ ਜਾ ਸਕਦੀ ਹੈ।

ਕੁਝ ਠੀਕਰੀਆਂ ਬਦਲੇ,
ਦੇਸ਼ ਭਗਤੀਆਂ, ਨਾਹਰੇ ਤੇ ਲਾਰੇ,
ਖ਼ਰੀਦ-ਵੇਚ ਸਕਦੇ ਹੋ।
ਘਰ ਬੈਠਿਆਂ ਹੀ ਤੁਸੀਂ,
ਵਿਸ਼ਵ ਮੰਡੀ ਦਾ ਲਾਭ ਉਠਾਉ।
ਰਾਤੋ ਰਾਤ ਮਾਲੋਮਾਲ ਹੋ ਜਾਉ।

●

❏

ਸਾਨ੍ਹ

ਉਹ ਮੁਲਕ ਵਾਂਗ ਨਹੀਂ,
ਹੰਕਾਰੇ ਸਾਨ੍ਹ ਵਾਂਗ ਤੁਰ ਫਿਰ ਰਿਹਾ ਹੈ।
ਸਾਡੀਆਂ ਬਸਤੀਆਂ ਦੀਆਂ ਕੰਧਾਂ ਨਾਲ ਖਹਿੰਦਾ,
ਖੁਰਲੀਆਂ ਢਾਹੁੰਦਾ,
ਫ਼ਸਲਾਂ ਮਿੱਧਦਾ, ਚਰਦਾ,
ਉਹ ਸ਼ਰੇਆਮ ਘੁੰਮ ਰਿਹਾ ਹੈ।
ਉਸ ਦੀ ਪਿੱਠ ਤੇ ਲੱਗਿਆ ਠੱਪਾ,
ਸਾਨੂੰ ਬੋਲਣ ਨਹੀਂ ਦਿੰਦਾ।
ਕਿਉਂਕਿ ਠੱਪਾ ਲਾਉਣ ਵਾਲੇ,
ਮਾਲਕਾਂ ਵਲੋਂ ਘੱਲੇ ਆਟੇ ਨਾਲ,
ਸਾਡੇ ਘਰੀਂ ਰੋਟੀ ਪੱਕਦੀ ਹੈ।
ਸੜਕਾਂ ਤੇ ਪੁਲ ਉੱਸਰਦੇ ਨੇ।
ਨਿਤਾਣੇ ਲੋਕਾਂ ਲਈ ਘਰ ਬਣਦੇ ਨੇ।
ਸਕੂਲ, ਕਾਲਿਜ ਤੇ ਹਸਪਤਾਲ ਖੁੱਲ੍ਹਦੇ ਨੇ।

ਅੱਡੇ ਹੋਏ ਹੱਥਾਂ ਨਾਲ ਖ਼ੈਰਾਤ ਮੰਗਦੇ ਮੰਗਦੇ,
ਅਸੀਂ ਏਨੇ ਨਿਹੱਥੇ ਕਿਉਂ ਹੋ ਗਏ ?

●

ਅਮਰ ਵੇਲ

ਅਮਰ ਵੇਲ ਫ਼ੋਟੋ ਵਿਚ ਕਿੰਨੀ ਸੋਹਣੀ ਲੱਗਦੀ।
ਪੀਲੀ ਪੀਲੀ
ਚਾਨਣ ਰੰਗੀਆਂ ਤਾਰਾਂ ਵਰਗੀ।
ਪਰ ਰੁੱਖਾਂ ਦਾ ਸਾਹ ਸਤ ਪੀਵੇ।
ਜਦ ਤਕ ਰੁੱਖੜਾ ਸੁੱਕ ਨਹੀਂ ਜਾਂਦਾ,
ਤਦ ਤੱਕ ਜੀਵੇ।

●

ਧਰਤੀ ਗੋਲ ਨਹੀਂ ਹੈ

ਉਹ ਕਹਿੰਦੇ ਰਹੇ,
ਧਰਤੀ ਗੋਲ ਹੈ।
ਮੈਂ ਕਿਹਾ ਨਹੀਂ,
ਧਰਤੀ ਗੋਲ ਨਹੀਂ ਹੈ।
ਇਹ ਤਾਂ ਚਿੱਬ ਖੜੱਬੀ ਹੈ।
ਏਨੇ ਪ੍ਰਮਾਣੂ ਹੱਲਿਆਂ ਤੋਂ ਬਾਦ,
ਕਿਹੜੀ ਮਾਂ ਸਲਾਮਤ ਰਹਿ ਸਕਦੀ ਹੈ ?

●

ਆਪਣੇ ਤੋਂ ਦੂਰ ਖਲੋ ਕੇ

ਮੈਨੂੰ ਮੇਰੇ ਤੋਂ,
ਦੂਰ ਲੈ ਜਾਵੋ।
ਇਕ ਫ਼ਾਸਲੇ ਤੋਂ,
ਮੈਂ ਖ਼ੁਦ ਨੂੰ ਨਿਹਾਰਨਾ ਚਾਹੁੰਦਾ ਹਾਂ।
ਆਪਣੇ ਨਾਲ ਰਹਿ ਰਹਿ ਕੇ,
ਮੈਨੂੰ ਆਪਣਾ ਚਿਹਰਾ ਨਹੀਂ ਦਿਸਦਾ।
ਲੋਕਾਂ ਵਾਂਗ,
ਮੈਂ ਖ਼ੁਦ ਨੂੰ,
ਆਪਣੇ ਤੋਂ ਦੂਰ ਜਾ ਕੇ,
ਜਾਨਣਾ ਤੇ ਪਛਾਨਣਾ ਚਾਹੁੰਦਾ ਹਾਂ।

●

ਸਾਡੇ ਲਈ ਜੰਗ ਹੋਈ ਤਿਆਰ ਵੇ ਹਾਂ

ਰਾਜੇ ਤਾਂ ਹੋ ਗਏ ਅੱਜ ਤੋਂ ਜੰਗਾਂ ਤੋਂ ਵਿਹਲੇ ਜੀ,
ਸਾਡੇ ਲਈ ਜੰਗ ਹੋਈ ਤਿਆਰ ਵੇ ਹਾਂ।

ਘਰ ਤੋਂ ਤਾਂ ਘੱਲਿਆ ਸੀ ਪੁੱਤਰ ਕਰਨ ਕਮਾਈਆਂ ਨੂੰ,
ਦਿਲ ਉੱਤੇ ਰੱਖ ਕੇ ਪੱਥਰ ਭਾਰ ਵੇ ਹਾਂ।

ਪਿਛਲੀ ਦੋਮਾਹੀਂ ਛੁੱਟੀ ਵੇਲੇ ਤਾਂ ਵਿਆਹਿਆ ਸੀ,
ਹੋਏ ਮਹੀਨੇ ਹਾਲੇ ਚਾਰ ਵੇ ਹਾਂ।

ਮਰਿਆ ਨੀ ਮਰਿਆ ਵੀਰਨ, ਮਰਿਆ ਏ ਦੇਸ਼ ਲਈ,
ਛਪਿਆ ਨੀ ਨਾਂ ਵੀ ਵਿਚ ਅਖ਼ਬਾਰ ਵੇ ਹਾਂ।

ਪੁੱਤਰ ਦੀ ਥਾਂ ਤੇ ਮੁੜਿਆ ਬਕਸਾ ਜਿਹਾ ਵੇਖ ਕੇ,
ਰੋਇਆ ਸੀ ਟੱਬਰ ਭੁੱਬਾਂ ਮਾਰ ਵੇ ਹਾਂ।

ਅੰਬਰ ਨੂੰ ਛੋਹਣ ਕੀਰਨੇ, ਧਰਤੀ ਵੀ ਕੰਬ ਗਈ ਸੀ,
ਡਿੱਗੀ ਗਸ਼ ਖਾ ਕੇ ਉਹਦੀ ਨਾਰ ਵੇ ਹਾਂ।

ਰੰਗਲਾ ਨੀ ਰੰਗਲਾ ਚੂੜਾ ਬਾਹਾਂ 'ਚੋਂ ਤਿੜਕ ਗਿਆ,
ਚਿਹਰਾ ਵੀ ਹੋਇਆ ਜ਼ਰਦ ਵਿਸਾਰ ਵੇ ਹਾਂ।

ਨਿੱਕੀ ਜਿਹੀ ਅਗਨ ਵਰੇਸੇ, ਭਾਣਾ ਕੀ ਵਰਤ ਗਿਆ,
ਕਿੱਧਰ ਨੂੰ ਜਾਊ ਇਹ ਮੁਟਿਆਰ ਵੇ ਹਾਂ।

ਬਾਪ ਦੀ ਟੁੱਟੀ ਡੰਗੋਰੀ, ਮਾਂ ਦੀ ਅੱਖ ਜੋਤ ਗਈ,
ਹੋਇਆ ਜੱਗ ਸਾਰਾ ਅੰਧਕਾਰ ਵੇ ਹਾਂ।

ਕਹਿੰਦਾ ਸੀ ਅਗਲੀ ਛੁੱਟੀ ਵੇਲੇ ਜਦ ਆਊਂਗਾ,
ਲੱਭਾਂਗਾ ਭੈਣ ਲਈ ਘਰ-ਬਾਰ ਵੇ ਹਾਂ।

ਕੰਧਾਂ ਗਲ ਲੱਗ ਲੱਗ ਰੋਵੇ, ਮੂੰਹੋਂ ਨਾ ਬੋਲਦੀ,
ਖ਼ਬਰੇ ਦਿਲ ਉੱਤੇ ਕਿੰਨਾ ਭਾਰ ਵੇ ਹਾਂ।

ਐਧਰ ਦੀ ਗੋਲੀ ਭਾਵੇਂ ਓਧਰ ਦੀ ਗੋਲੀ ਸੀ,
ਪੁੱਤਰ ਤਾਂ ਮੋਏ ਦੋਵੇਂ ਵਾਰ ਵੇ ਹਾਂ।

ਕਿੰਨੇ ਪੁੱਤ ਐਧਰ ਮਰ ਗਏ, ਓਧਰ ਦੀ ਖ਼ਬਰ ਨਹੀਂ,
ਤੋਪਾਂ ਨੂੰ ਆਇਆ ਨਾ ਡਕਾਰ ਵੇ ਹਾਂ।

ਸਿਰ 'ਤੇ ਲੈ ਚਿੱਟੀ ਚੁੰਨੀ ਵਿਧਵਾ ਜਦ ਫਿਰਨਗੀਆਂ,
ਧਰਤੀ ਵੀ ਕਿੱਦਾਂ ਚੁੱਕੂ ਭਾਰ ਵੇ ਹਾਂ।

ਸੋਚੋ ਵੇ ਸੋਚੋ ਵੀਰੋ, ਇਨ੍ਹਾਂ ਦਾ ਕਾਲਾ ਮੂੰਹ,
ਧਰਤੀ 'ਤੇ ਜਿੰਨੇ ਹਥਿਆਰ ਵੇ ਹਾਂ।

ਵੋਟਾਂ ਦੇ ਵਣਜਾਂ ਖ਼ਾਤਰ, ਮਸਲੇ ਉਲਝਾਉਣ ਲਈ,
ਚਾੜ੍ਹ ਦਿੱਤਾ ਜੰਗ ਦਾ ਬੁਖ਼ਾਰ ਵੇ ਹਾਂ।

ਏਧਰ ਤੇ ਓਧਰ ਕਲਮਾਂ ਝੱਗੋਂ ਝੱਗ ਹੋਈਆਂ ਨੇ,
ਰੱਤ ਵਿਚ ਭਿੱਜੇ ਅਖ਼ਬਾਰ ਵੇ ਹਾਂ।

ਸਾਡੇ ਤਾਂ ਘਰ ਘਰ ਰੋਣੇ ਉਮਰਾਂ ਲਈ ਪੈ ਗਏ ਨੇ,
ਹਾਕਮ ਲਈ ਚੋਣ ਪ੍ਰਚਾਰ ਵੇ ਹਾਂ।

ਬਹੁਤੇ ਤਾਂ ਲੋਕਾਂ ਖ਼ਾਤਰ ਕਿਰਕਟ ਦਾ ਮੈਚ ਸੀ,
ਸਾਡੇ ਲਈ ਲਾਮ ਸੀ ਤੀਜੀ ਵਾਰ ਵੇ ਹਾਂ।

ਸਾਨੂੰ ਤਾਂ ਗੋਲੀ ਵਾਂਗੂੰ ਸੀਨੇ ਵਿਚ ਵੱਜਦਾ ਏ,
ਰਾਜੇ ਦਾ ਭਾਸ਼ਨ, ਲੱਛੇਦਾਰ ਵੇ ਹਾਂ।

ਹਾਕਮ ਤੋਂ ਨਕਦ ਰੁਪਈਏ, ਦੱਸੋ ਜੀ ਕਿੱਦਾਂ ਲਈਏ,
ਪੁੱਤਰ ਨਾ ਵਿਕਦੇ ਕਿਸੇ ਬਾਜ਼ਾਰ ਵੇ ਹਾਂ।

ਲੱਖਾਂ ਨਹੀਂ ਕਈ ਕਰੋੜਾਂ ਖ਼ਰਚੇ ਬਾਰੂਦ ਲਈ,
ਲੀਕਾਂ ਤਾਂ ਉਵੇਂ ਬਰਕਰਾਰ ਵੇ ਹਾਂ।

ਪਹਿਲਾਂ ਹਥਿਆਰ ਫੜਾਵੇ, ਮਗਰੋਂ ਫਿਰ ਸੁਲ੍ਹਾ ਕਰਾਵੇ,
ਕਿੱਦਾਂ ਦਾ ਚਾਤਰ ਥਾਣੇਦਾਰ ਵੇ ਹਾਂ।

ਸਾਡੇ ਹੀ ਮਾਂ ਪਿਉ ਜਾਏ, ਧਰਮਾਂ ਦੀ ਚੁੱਕ ਵਿਚ ਆਏ,
ਲੜਦੇ ਨੇ ਅਕਲੀਂ ਜਿੰਦੇ ਮਾਰ ਵੇ ਹਾਂ।

ਜਾਗੋ ਵੇ ਜਾਗੋ ਲੋਕੋ, ਏਨੀ ਗੱਲ ਜਾਣ ਲਵੋ,
ਬਣਨਾ ਨਹੀਂ ਆਪਾਂ ਹੁਣ ਹਥਿਆਰ ਵੇ ਹਾਂ।

●

❏

ਗੀਤ

ਸਾਨੂੰ ਮੋੜ ਦਿਓ ਰੰਗਲਾ ਪੰਜਾਬ,
ਅਸੀਂ ਨਹੀਂ ਕੁਝ ਹੋਰ ਮੰਗਦੇ।
ਸਾਨੂੰ ਮੋੜ ਦਿਓ ਖਿੜਿਆ ਗੁਲਾਬ,
ਅਸੀਂ ਨਹੀਂ ਕੁਝ ਹੋਰ ਮੰਗਦੇ।

ਮੋੜ ਦਿਓ ਸਾਡੀਆਂ ਵਿਸਾਖੀਆਂ ਤੇ ਲੋਹੜੀਆਂ।
ਭੈਣਾਂ ਦੇ ਸੁਹਾਗ ਸੋਹਣੇ ਵੀਰਾਂ ਦੀਆਂ ਘੋੜੀਆਂ।
ਮਿੱਠੇ ਗੀਤਾਂ ਵਾਲੀ ਸੁੱਚੜੀ ਕਿਤਾਬ।
ਅਸੀਂ ਨਹੀਂ ਕੁਝ ਹੋਰ ਮੰਗਦੇ।

ਸੁਰਾਂ ਤੋਂ ਬਗੈਰ ਗੀਤ ਚੰਗੇ ਨਹੀਓਂ ਲੱਗਦੇ।
ਬਾਲੇ ਮਰਦਾਨੇ ਬਿਨਾਂ ਰਾਗ ਨਹੀਓਂ ਫੱਬਦੇ।
ਕਿਹੜੇ ਕੰਮ ਆਉ ਸੱਖਣੀ ਰਬਾਬ।
ਅਸੀਂ ਨਹੀਂ ਕੁਝ ਹੋਰ ਮੰਗਦੇ।

ਲੀਰੋ ਲੀਰ ਸਾਲੂ ਤਾਰੋ ਤਾਰ ਫੁਲਕਾਰੀਆਂ।
ਫੇਰੋ ਨਾ ਪੰਜਾਬ ਦੇ ਸਰੀਰ ਉਤੇ ਆਰੀਆਂ।
ਸ਼ਾਲਾ! ਮੁੱਕ ਜਾਵੇ ਚੰਦਰਾ ਖ਼ਵਾਬ।
ਅਸੀਂ ਨਹੀਂ ਕੁਝ ਹੋਰ ਮੰਗਦੇ।

ਫਾਂਸੀ ਚੜ੍ਹੇ ਭਗਤ ਸਰਾਭਿਆ ਦੀ ਸਹੁੰ ਹੈ।
ਗਦਰੀ ਸ਼ਹੀਦਾਂ ਯੋਧੇ ਬਾਬਿਆਂ ਦੀ ਸਹੁੰ ਹੈ।
ਮਾਝਾ ਮਾਲਵਾ ਤੇ ਜਾਗ ਪਏ ਦੋਆਬ।
ਅਸੀਂ ਨਹੀਂ ਕੁਝ ਹੋਰ ਮੰਗਦੇ।

●

ਦਿੱਲੀਉਂ ਸ਼ਹਿਰ ਲਾਹੌਰ

ਅਸੀਂ ਤਾਂ ਦਿੱਲੀਉਂ ਬੱਸ ਤੋਰੀ ਸੀ,
ਲੱਖਾਂ ਸ਼ਗਨ ਸਵਾਰਥ ਕਰਕੇ,
ਹਾਰ ਹਮੇਲਾਂ ਨਾਲ ਸਜਾ ਕੇ,
ਵਾਜੇ ਗਾਜੇ ਬੈਂਡ ਵਜਾ ਕੇ।

ਮਨ ਵਿਚ ਇਹ ਸੀ,
ਦਿੱਲੀਉਂ ਸ਼ਹਿਰ ਲਾਹੌਰ ਦਾ ਪੈਂਡਾ ਘਟ ਜਾਵੇਗਾ।

ਪਰ ਹੁਣ ਵੇਖੋ,
ਸਾਡੇ ਸਭ ਦੇ ਹੁੰਦਿਆਂ ਸੁੰਦਿਆਂ,
ਰੂਟ ਪਰਮਿਟੋਂ ਲਾਂਭੇ ਲਾਂਭੇ,
ਮੂੜ੍ਹ ਡਰੈਵਰ ਬੱਸ ਨੂੰ ਕਿੱਧਰ ਲੈ ਕੇ ਤੁਰ ਪਏ।

ਦਿੱਲੀਉਂ ਸ਼ਹਿਰ ਲਾਹੌਰ ਤਾਂ ਸਿੱਧਾ,
ਕਾਰਗਿਲ ਤਾਂ ਵਿਚ ਨਹੀਂ ਆਉਂਦਾ।

❑

ਪੰਜ ਦਰਿਆ ਦੇ ਪਾਣੀ ਵਿੱਛੜੇ

ਪੰਜ ਦਰਿਆ ਦੇ ਪਾਣੀ ਵਿੱਛੜੇ, 'ਕੱਠੇ ਜੰਮੇ ਹਾਣੀ ਵਿੱਛੜੇ,
ਗੁਰੂ ਘਰਾਂ 'ਚੋਂ ਬਾਂਗ ਸੁਣੇ, ਅੱਜ ਢਹਿ ਗਏ ਤਕੀਏ ਪੀਰਾਂ ਦੇ।
ਸਾਡੀ ਪਾਟ ਗਈ ਫੁਲਕਾਰੀ, ਹੱਥਾਂ ਵਿਚ ਟੋਟੇ ਲੀਰਾਂ ਦੇ।

ਸੀਸ ਤਲੀ ਧਰ ਸੂਰਮਿਆਂ, ਰਲ ਮੰਗੀ ਦੇਸ਼ ਆਜ਼ਾਦੀ।
ਚਾਤਰ ਦੀ ਚਤੁਰਾਈ ਵੇਖੋ, ਪੱਲੇ ਪਾਈ ਬਰਬਾਦੀ।
ਅੱਜ ਤੀਕਣ ਸੁਣਦੇ ਹਟਕੋਰੇ, ਨਦੀਉਂ ਵਿੱਛੜੇ ਨੀਰਾਂ ਦੇ।
ਸਾਡੀ ਪਾਟ ਗਈ ਫੁਲਕਾਰੀ...

ਕਦੇ ਮੁਹੰਮਦ ਨਾਲ ਰਾਮ ਦਾ, ਰੌਲਾ ਨਹੀਂ ਸੀ ਸੁਣਿਆ।
ਸ਼ਾਮ ਲਾਲ ਦੇ ਮੱਥੇ ਤੱਕਿਆ, ਮੈਂ ਚੰਨ ਤਾਰਾ ਖੁਣਿਆ।
ਜਿਹੜੇ ਫੁੱਲਾਂ ਦੇ ਵਣਜਾਰੇ, ਅੱਜ ਬਣ ਗਏ ਤੇਗਾਂ ਤੀਰਾਂ ਦੇ।
ਸਾਡੀ ਪਾਟ ਗਈ ਫੁਲਕਾਰੀ...

ਧਰਮ ਕਦੇ ਵੀ ਇਹ ਨਾ ਆਖੇ, ਜ਼ਹਿਰੀ ਤੀਰ ਚਲਾਉ।
ਅੰਨ੍ਹੇ ਬੋਲੇ ਹੋ ਕੇ, ਜੋ ਮੂੰਹ ਆਵੇ ਬੋਲੀ ਜਾਉ।
ਸਹਿਜ ਮਤੇ ਨਾਲ ਬਹਿ ਕੇ ਪੜ੍ਹਿਓ, ਉਚਰੇ ਬੋਲ ਫ਼ਕੀਰਾਂ ਦੇ।

ਭਟਕਦਿਆਂ ਮਰ ਜਾਵਣ ਨਾ ਇਹ, ਬਚਪਨ ਦੇ ਜੋ ਹਾਣੀ।
ਮਿਲੀਏ, ਚਲੋ ਮਿਲਾਈਏ, ਸਤਿਲੁਜ ਨਾਲ ਬਿਆਸ ਦਾ ਪਾਣੀ।
ਉਨ੍ਹਾਂ ਨੂੰ ਸਮਝਾਈਏ ਜਿਹੜੇ, ਬਣੇ ਗੁਲਾਮ ਲਕੀਰਾਂ ਦੇ।
●

ਤੋੜ ਕੇ ਮੁਹੱਬਤਾਂ ਨੂੰ

ਤੋੜ ਕੇ ਮੁਹੱਬਤਾਂ ਨੂੰ ਜਦੋਂ ਦੀ ਤੂੰ ਗਈ ਏਂ।
ਲੱਖ ਦੀ ਸੈਂ ਹੁੰਦੀ, ਹੁਣ ਕੱਖ ਦੀ ਨਾ ਰਹੀ ਏਂ।

ਵੇਖੀਂ ਤੂੰ ਘੁੰਮਾ ਕੇ ਪਿੱਛੇ ਸਮੇਂ ਬੇ ਲਿਹਾਜ਼ ਨੂੰ।
ਸੁਣੀਂ ਫੇਰ 'ਕੱਲ੍ਹੀ ਬਹਿ ਕੇ, ਆਪਣੀ ਆਵਾਜ਼ ਨੂੰ।
ਆਪੇ ਜਾਣ ਲਵੇਂਗੀ ਤੂੰ ਗਲਤ ਜਾਂ ਸਹੀ ਏਂ।
ਲੱਖ ਦੀ ਸੈਂ ਹੁੰਦੀ, ਹੁਣ ਕੱਖ ਦੀ ਨਾ ਰਹੀ ਏਂ।

ਹਾਸਿਆਂ 'ਚ ਰਹੀ ਪਹਿਲਾਂ ਵਾਲੀ ਟੁਣਕਾਰ ਨਹੀਂ।
ਤਿੱਤਲੀ ਤੇ ਲੱਦਦੇ ਸਿਆਣੇ ਕਦੇ ਭਾਰ ਨਹੀਂ।
ਦੱਸ ਮੋਮਬੱਤੀਏ, ਕਿਉਂ ਅੱਗ ਨਾਲ ਖਹੀ ਏਂ।
ਲੱਖ ਦੀ ਸੈਂ ਹੁੰਦੀ, ਹੁਣ ਕੱਖ ਦੀ ਨਾ ਰਹੀ ਏਂ।

ਮੋਤੀਏ ਦੇ ਫੁੱਲਾਂ ਵਾਲੇ ਦੁੱਧ ਚਿੱਟੇ ਵੇਸ ਨੂੰ।
ਕੋਲਿਆਂ ਦੀ ਹੱਟੀ ਔਖਾ ਸਾਂਭਣਾ ਹੈ ਏਸ ਨੂੰ।
ਕਿਸੇ ਨੂੰ ਕੀ ਦੋਸ਼ ਏਥੇ ਆਪ ਹੀ ਤਾਂ ਬਹੀ ਏਂ।
ਲੱਖ ਦੀ ਸੈਂ ਹੁੰਦੀ, ਹੁਣ ਕੱਖ ਦੀ ਨਾ ਰਹੀ ਏਂ।

ਮੈਨੂੰ ਕਦੇ ਰਾਹੀਂ, ਜਦੋਂ ਆਉਣ ਯਾਦਾਂ ਤੇਰੀਆਂ।
ਰੁੜ੍ਹੀ ਜਾਣ ਹੜ੍ਹ ਅੱਗੇ ਮਿੱਟੀ ਦੀਆਂ ਢੇਰੀਆਂ।
ਏਹੀ ਧੰਨਵਾਦ, ਸਾਡੇ ਸਾਹਾਂ ਵਿਚ ਰਹੀ ਏਂ।
ਲੱਖ ਦੀ ਸੈਂ ਹੁੰਦੀ, ਹੁਣ ਕੱਖ ਦੀ ਨਾ ਰਹੀ ਏਂ।

●

ਜਾਣ ਵਾਲਿਆ ਵੇ

ਜਾਣ ਵਾਲਿਆ ਵੇ, ਕਦੇ ਏਸਰਾਂ ਨਹੀਂ ਕਰੀਦਾ।
ਨਿਭਣਾ ਨਾ ਹੋਵੇ ਤਾਂ, ਹੁੰਗਾਰਾ ਵੀ ਨਹੀਂ ਭਰੀਦਾ।

ਚੁੱਪ ਦੇ ਸਮੁੰਦਰਾਂ ਦਾ ਹੁੰਦਾ ਕਿਤੇ ਥੱਲਾ ਨਹੀਂ।
ਦਿਲ ਦੀ ਸੁਣਾਉਣ ਵਾਲਾ, ਹੁੰਦਾ ਕਦੇ ਕੱਲ੍ਹਾ ਨਹੀਂ।
ਛੱਡ ਕੇ ਪਿਆਰਿਆਂ ਨੂੰ, ਕੱਲ੍ਹਿਆਂ ਨਹੀਂ ਕਰੀਦਾ।
ਨਿਭਣਾ ਨਾ ਹੋਵੇ ਤਾਂ, ਹੁੰਗਾਰਾ ਵੀ ਨਹੀਂ ਭਰੀਦਾ।

ਵਣ ਹਰਿਆਵਲੇ ਨੂੰ, ਛੱਡ ਤੋੜ ਯਾਰੀਆਂ।
ਉਨ੍ਹਾਂ ਕੋਲ ਬੈਠੈਂ, ਜਿੰਨ੍ਹਾਂ ਹੱਥ ਸਦਾ ਆਰੀਆਂ।
ਏਹੋ ਜੇਹੇ ਲੋਕਾਂ ਦਾ ਵਿਸਾਹ ਨਹੀਂਉਂ ਕਰੀਦਾ।
ਨਿਭਣਾ ਨਾ ਹੋਵੇ ਤਾਂ, ਹੁੰਗਾਰਾ ਵੀ ਨਹੀਂ ਭਰੀਦਾ।

ਨਿਰਾ ਪੁਰਾ ਇਹ ਵੀ ਨਹੀਂ ਕਿ ਤੂੰਹੀਉਂ ਸਾਨੂੰ ਛੱਡਿਆ।
ਅਸਾਂ ਵੀ ਚਿਰੋਕਣਾ ਹੈ ਦਿਲ ਵਿਚੋਂ ਕੱਢਿਆ।
ਮੱਖਣ ਦਾ ਪੇੜਾ ਕਦੇ ਅੱਗ ਤੇ ਨਹੀਂ ਧਰੀਦਾ।
ਨਿਭਣਾ ਨਾ ਹੋਵੇ ਤਾਂ, ਹੁੰਗਾਰਾ ਵੀ ਨਹੀਂ ਭਰੀਦਾ।

ਜਾਣ ਵਾਲਿਆ ਵੇ, ਕਦੇ ਏਸਰਾਂ ਨਹੀਂ ਕਰੀਦਾ।
ਨਿਭਣਾ ਨਾ ਹੋਵੇ ਤਾਂ, ਹੁੰਗਾਰਾ ਵੀ ਨਹੀਂ ਭਰੀਦਾ।
●

❑

ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ

ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ।
ਜੋ ਵੀ ਇਸ ਤੋਂ ਡਰਦੈ, ਉਹ ਇਨਸਾਨ ਨਹੀਂ।

ਦੀਨ ਦੁਖੀ ਦੀ ਸੰਕਟ ਵੇਲੇ ਮਦਦ ਕਰੋ।
ਲੋੜਵੰਦ ਨੂੰ ਖ਼ੂਨ ਦਿਓ ਤੇ ਜਾਨ ਭਰੋ।
ਖ਼ੂਨ ਦੇਣ ਦਾ ਹੁੰਦਾ ਕੋਈ ਨੁਕਸਾਨ ਨਹੀਂ।
ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ।

ਪੈਸੇ ਨਾਲ ਨਾ ਬੰਨ੍ਹੋਂ ਸਾਰੀਆਂ ਚੀਜ਼ਾਂ ਨੂੰ।
ਖ਼ੂਨਦਾਨ ਦਾ ਪੁੱਛੋ ਮੁੱਲ ਮਰੀਜ਼ਾਂ ਨੂੰ।
ਜਿਸ ਦੇ ਦਿਲ ਵਿਚ ਦਰਦ ਨਹੀਂ, ਧਨਵਾਨ ਨਹੀਂ।
ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ।

ਜੀਣ ਜੋਗਿਓ! ਏਨਾ ਚੇਤਾ ਰੱਖ ਲੈਣਾ।
ਕਮਜ਼ੋਰਾਂ ਦਾ ਤੁਸੀਂ ਹਮੇਸ਼ਾਂ ਪੱਖ ਲੈਣਾ।
ਤਕੜੇ ਨਾਲੇ ਖਲੋਵੇ ਉਹ ਬਲਵਾਨ ਨਹੀਂ।
ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ।

ਪੀ ਕੇ ਪਾਣੀ ਜਿਵੇਂ ਧਰਤ ਹਰਿਆਲੀ ਹੈ।
ਪਾਣੀ ਪਾਉਂਦਾ ਫਿਰਦਾ ਜੀਕੂੰ ਮਾਲੀ ਹੈ।
ਕਿਸੇ ਦੀ ਜਾਨ ਬਚਾਉਣੋਂ, ਵੱਧ ਸਨਮਾਨ ਨਹੀਂ।
ਖ਼ੂਨਦਾਨ ਤੋਂ ਵੱਡਾ ਕੋਈ ਦਾਨ ਨਹੀਂ।
ਜੋ ਵੀ ਇਸ ਤੋਂ ਡਰਦੈ, ਉਹ ਇਨਸਾਨ ਨਹੀਂ।

●

❑

ਕੰਧੇ ਸਰਹੰਦ ਦੀਏ

ਕੰਧੇ ਸਰਹੰਦ ਦੀਏ ਅੱਥਰੂ ਨਾ ਕੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਪੰਨੇ ਇਤਿਹਾਸ ਦੇ ਤੂੰ ਫ਼ੋਲ ਪੜ੍ਹ ਵੇਖ ਨੀ।
ਸਦਾ ਕੁਰਬਾਨੀ ਲਿਖੀ ਕੌਮਾਂ ਵਾਲੇ ਲੇਖ ਨੀ।
ਚੜ੍ਹਿਆ ਆਕਾਸ਼ੀ ਰਹਿੰਦਾ ਸਦਾ ਨਾ ਹਨ੍ਹੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਕਿਹਾ ਫਰਜ਼ੰਦਾਂ ਦਸਮੇਸ਼ ਦੇ ਦੁਲਾਰਿਆਂ।
ਝੁਕਣਾਂ ਨਹੀਂ ਅਸਾਂ ਕਦੇ ਨੀਹਾਂ 'ਚ ਖਲ੍ਹਾਰਿਆਂ।
ਕਿਲ੍ਹਾ ਹੰਕਾਰ ਵਾਲਾ ਕਰਨਾ ਏਂ ਢੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਪੁੱਛਿਆ ਜੱਲਾਦ ਕੋਲੋਂ ਹੰਝੂ ਕਾਹਨੂੰ ਕੇਰਦਾ?
ਜਾਬਰਾ ਤੂੰ ਮਾਲਾ ਕਾਹਨੂੰ ਪੁੱਠੇ ਪਾਸੇ ਫੇਰਦਾ।
ਸ਼ੇਰਾਂ ਘਰ ਜੰਮਦੇ ਹਮੇਸ਼ਾਂ ਬਾਂਕੇ ਸ਼ੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।

ਤੇਗ ਦੀ ਬਹਾਦਰੀ ਤੇ ਦਾਦੀ ਦੀਆਂ ਲੋਰੀਆਂ।
ਮਾਪਿਆਂ ਨੇ ਜੋੜੀਆਂ ਬਣਾ ਕੇ ਘਰੋਂ ਤੋਰੀਆਂ।
ਜ਼ਾਲਮਾਂ ਦੇ ਅੱਗੇ ਸਦਾ ਅੜਦੇ ਦਲੇਰ ਨੀ।
ਦੱਸ ਕਿਹੜੀ ਰਾਤ ਜੀਹਦੀ ਹੋਵੇ ਨਾ ਸਵੇਰ ਨੀ।
●

ਝੁੱਲ ਉਏ ਤਿਰੰਗਿਆ

ਝੁੱਲ ਉੱਚੇ ਅੰਬਰੀਂ ਤੂੰ ਝੁੱਲ ਓਏ ਤਿਰੰਗਿਆ।
ਅਸੀਂ ਤੈਨੂੰ ਖ਼ੂਨ ਦਿੱਤਾ ਜਦੋਂ ਵੀ ਤੂੰ ਮੰਗਿਆ।

ਲਾਲੀ, ਹਰਿਆਲੀ, ਚਿੱਟਾ ਕੇਸਰੀ ਜੋ ਰੰਗ ਓਏ।
ਚੱਕਰ ਅਸ਼ੋਕ ਵਾਲਾ ਦਿਲਾਂ ਦੀ ਤਰੰਗ ਓਏ।
ਸਾਨੂੰ ਤੂੰ ਸਿਖਾਇਆ ਹੈ ਆਜ਼ਾਦੀਆਂ ਦਾ ਢੰਗ ਓਏ।
ਹਾਕਮਾਂ ਨੇ ਭਾਵੇਂ ਸਾਨੂੰ ਸੂਲੀ ਉੱਤੇ ਟੰਗਿਆ।

ਰੱਜਿਆਂ ਸਮਾਨ ਕਰ ਲਿੱਸਿਆਂ ਕੰਗਾਲਾਂ ਨੂੰ।
ਅੱਖਰਾਂ ਦਾ ਦਾਨ ਦੇ ਤੂੰ ਪੈਰੋਂ ਨੰਗੇ ਬਾਲਾਂ ਨੂੰ।
ਤੂੰ ਹੀ ਹੱਲ ਕਰਨਾ ਏਂ, ਉਨ੍ਹਾਂ ਦੇ ਸੁਆਲਾਂ ਨੂੰ।
ਜਿਹੜੇ ਬੇਜ਼ੁਬਾਨਾਂ ਨੇ ਕਦੇ ਨਾ ਕੁਝ ਮੰਗਿਆ।

ਬਿਰਧ ਦਵਾਈ ਖੁਣੋਂ ਕਦੇ ਨਾ ਮੁਥਾਜ ਹੋਵੇ।
ਕਿਰਤੀ ਕਿਸਾਨਾਂ ਸਿਰ ਖ਼ੁਸ਼ੀਆਂ ਦਾ ਤਾਜ ਹੋਵੇ।
ਧੀਆਂ ਭੈਣਾਂ ਵੀਰਾਂ ਦੀਆਂ ਅੱਖਾਂ ਵਿਚ ਲਾਜ ਹੋਵੇ।
ਜਿੰਨ੍ਹਾਂ ਦੀਆਂ ਖ਼ੁਸ਼ੀਆਂ ਨੂੰ ਕਾਲੇ ਨਾਗਾਂ ਡੰਗਿਆ।

ਲੱਦੀਆਂ ਹਮੇਸ਼ਾਂ ਰਹਿਣ ਫੁੱਲਾਂ ਸੰਗ ਡਾਲੀਆਂ।
ਗੱਭਰੂ ਜਵਾਨਾਂ ਦਿਆਂ, ਚਿਹਰਿਆਂ ਤੇ ਲਾਲੀਆਂ।
ਖੇਤਾਂ ਵਿਚ ਫ਼ਸਲਾਂ ਤੇ ਜੀਣ ਹਰਿਆਲੀਆਂ।
ਅੰਗ ਅੰਗ ਜਾਵੇ ਸਾਡਾ ਚਾਵਾਂ ਵਿਚ ਰੰਗਿਆ।

ਝੁੱਲ ਉੱਚੇ ਅੰਬਰੀਂ ਤੂੰ ਝੁੱਲ ਓਏ ਤਿਰੰਗਿਆ।
ਅਸੀਂ ਤੈਨੂੰ ਖ਼ੂਨ ਦਿੱਤਾ ਜਦੋਂ ਵੀ ਤੂੰ ਮੰਗਿਆ।

❑

ਟੱਪੇ

ਫੁੱਲ ਖਿੜੇ ਮੁਰਝਾ ਗਏ ਨੇ।
ਸਾਡਿਆਂ ਪਿਆਰਿਆਂ 'ਤੇ,
ਦਿਨ ਕਿਹੋ ਜਿਹੇ ਆ ਗਏ ਨੇ।

ਲਾਵਾਂ ਝਾਲਰ ਪੱਖੀਆਂ ਨੂੰ।
ਚੰਨ ਮਾਹੀ ਆਪ ਤਾਂ ਗਿਆ,
ਰੋਣਾ ਦੇ ਗਿਆ ਅੱਖੀਆਂ ਨੂੰ।

ਵੇਖ ਧੁੱਪਾਂ ਵੀ ਉਦਾਸੀਆਂ ਨੇ,
ਬੱਦਲੀ ਨੂੰ ਹਵਾ ਲੈ ਗਈ,
ਰੂਹਾਂ ਅਜੇ ਵੀ ਪਿਆਸੀਆਂ ਨੇ।

ਟੁੱਟੀ ਤਾਰ ਸਾਰੰਗੀਆਂ ਦੀ।
ਦਿਲਾਂ 'ਚ ਤਰੇੜ ਪੈ ਗਈ,
ਪੁੱਠੀ ਸਿੱਖਿਆ ਫਰੰਗੀਆਂ ਦੀ।

ਰੁੱਖ ਪੁੱਛਦੇ ਨੇ ਛਾਵਾਂ ਨੂੰ।
ਧਰਤੀ ਬੇਗਾਨੜੀ 'ਤੇ
ਪੁੱਤ ਭੁੱਲੇ ਤਾਂ ਨਹੀਂ ਮਾਵਾਂ ਨੂੰ।

●

ਰਾਵੀ ਪਾਰੋਂ ਆਇਐਂ ਵੀਰਿਆ

ਰਾਵੀ ਪਾਰੋਂ ਆਇਐਂ ਵੀਰਿਆ
ਤੈਨੂੰ ਮੈਂ ਲੱਖ ਕਰਾਂ ਸਲਾਮ।
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ
ਧੁੱਪਾਂ ਛਾਵਾਂ ਤੇਰੇ ਨਾਮ।

ਇੱਕੋ ਮਿੱਟੀ ਪੱਥ ਘੁਮਿਆਰਾਂ,
ਪਾਏ ਇੱਕੋ ਆਵੇ।
ਦੱਸ ਉਹ ਮੰਜਾ ਕਿੱਥੇ ਡਾਹੀਏ,
ਜਿਸ ਦੇ ਦੋ ਹੀ ਪਾਵੇ।
ਮਾਲਕ ਆਖੇ ਤੇ ਹੱਸ ਪਈਏ,
ਰੋ ਪਈਏ ਜੇ ਚਾਹਵੇ।
ਰੱਤ ਦੇ ਕਾਸੇ ਭਰ ਭਰ ਪੀਤੇ,
ਰਾਜਿਆਂ ਨੇ ਛਲਕਾਏ ਜਾਮ।
ਰਾਵੀ ਪਾਰੋਂ ਆਇਐਂ ਵੀਰਿਆ
ਲੱਖ ਵਾਰੀ ਮੈਂ ਕਰਾਂ ਸਲਾਮ।

ਮੀਆਂ ਮੀਰ ਉਦਾਸ ਖੜਾ ਕਿਉਂ ?
ਹਰਿਮੰਦਰ ਦੇ ਬੂਹੇ।
ਆਪੇ ਪੜ੍ਹ ਪੜ੍ਹ ਹੁਕਮ ਸੁਣਾਉਂਦੇ,
ਸ਼ਾਹ ਦੌਲੇ ਦੇ ਚੂਹੇ।
ਬੋਲ ਨੀ ਅੱਜ ਤੂੰ ਬੋਲ ਉਦਾਸੀਏ,
ਦੇਸ਼ ਪੰਜਾਬ ਦੀ ਰੂਹੇ।
ਚੁੱਪ ਰਹਿਣਾ ਮਰਦਾਂ ਨੂੰ ਮਿਹਣਾ,
ਡੁੱਬ ਜਾਣਾ ਮੱਛੀਆਂ ਇਲਜ਼ਾਮ।
ਰੱਬ ਦੇ ਬੰਦੇ ਰੱਬ ਦੇ ਘਰ ਕਿਉਂ,
ਈਸ਼ਵਰ ਅੱਲ੍ਹਾ ਕਰਨ ਨੀਲਾਮ ।

ਪੈਰੀਂ ਝਾਂਜਰ, ਯਾਰ ਦੇ ਵਿਹੜੇ,
ਨੱਚਦਾ ਸਾਡਾ ਬੁੱਲ੍ਹਾ।
ਹਾਕਮ ਤੋਂ ਨਾਬਰ ਹੈ ਅੱਜ ਤੱਕ,
ਪੁੱਤ ਸੂਰਮਾ ਦੁੱਲਾ।
ਨਾ ਢਾਉ, ਨਾ ਢਹਿਣ ਦਿਉ ਬਈ,
ਸਾਂਝਾ ਚੌਂਕਾ ਚੁੱਲ੍ਹਾ।
ਅੱਥਰਾ ਘੋੜਾ ਕਾਬੂ ਰੱਖਿਉ,
ਘੁੱਟ ਕੇ ਫੜਿਉ ਸਦਾ ਲਗਾਮ।
ਏਸੇ ਨੇ ਹੀ ਕੀਤਾ ਅੱਜ ਤਕ,
ਸਾਡਾ ਤੁਹਾਡਾ ਜੀਣ ਹਰਾਮ।

ਆਖ ਆਜ਼ਾਦੀ, ਕਰ ਬਰਬਾਦੀ,
ਵਕਤ ਨੇ ਕਹਿਰ ਕਮਾਇਆ।
ਬਣ ਬੈਠਾ ਹਥਿਆਰ ਕਿਸੇ ਹੱਥ,
ਹਮਸਾਇਆ ਮਾਂ ਜਾਇਆ।
ਮੈਥੋਂ ਦੂਰ ਬਹੀਂ ਨਾ ਹੁਣ ਤੂੰ,
ਇੱਕ ਮਿੱਟੀ ਦੇ ਜਾਇਆ।
ਪਾਗ਼ਲਪਨ ਵਿਚ ਹੁਣ ਨਾ ਰੋਲੀਂ
ਨਾਨਕ, ਰਾਮ, ਰਹੀਮ ਦਾ ਨਾਮ।

ਤੂੰ ਆਇਐਂ ਤਾਂ ਮਹਿਕ ਗਿਆ ਏ,
ਵਿਹੜਾ ਤਨ ਮਨ ਮੇਰਾ।
ਭਰਿਆ ਭਰਿਆ, ਖ਼ੁਸ਼ਬੂ-ਖ਼ੁਸ਼ਬੂ,
ਹੋਇਐ ਰੂਹ ਦਾ ਡੇਰਾ।
ਚਾਨਣ ਚਾਨਣ ਸਭੇ ਰਾਹਾਂ,
ਸੱਜਣਾਂ ਤੇਰੇ ਬਾਝ ਹਨੇਰ੍ਹਾ।
ਮਿਲਦੇ ਰਹੀਏ, ਦਿਲ ਦੀ ਕਹੀਏ,
ਨਾ ਹੋਵੇ ਜ਼ਿੰਦਗੀ ਉਪਰਾਮ।
ਵਤਨ ਮੇਰੇ ਦੀਆਂ ਸ਼ਾਮ ਸਵੇਰਾਂ,
ਧੁੱਪਾਂ ਛਾਵਾਂ ਤੇਰੇ ਨਾਮ।
●

❑

ਵਿੱਚ ਵਿੱਚ ਟਾਹ੍ਲੀਆਂ

ਵਿਚ ਵਿਚ ਟਾਹ੍ਲੀਆਂ ਤੇ ਚਾਰੇ ਬੰਨੇ ਬੇਰੀਆਂ।
ਟੁੱਟ ਗਈਆਂ ਪੀਂਘਾਂ ਰਾਣੋ ਤੇਰੀਆਂ ਤੇ ਮੇਰੀਆਂ।

ਤਾਰਿਆਂ ਦੀ ਛਾਵੇਂ ਬਹਿ ਕੇ ਚੰਨ ਚੰਨ ਕਹਿੰਦੀ ਸੀ।
ਰਾਤ ਦੀਏ ਰਾਣੀਏਂ ਤੂੰ ਸਾਹਾਂ ਵਿਚ ਰਹਿੰਦੀ ਸੀ।
ਉੱਡ ਗਈ ਏਂ ਕਿੱਥੇ ? ਜਦੋਂ ਚੜ੍ਹੀਆਂ ਹਨੇਰ੍ਹੀਆਂ।
ਟੁੱਟ ਗਈਆਂ ਪੀਂਘਾਂ ਰਾਣੋ ਤੇਰੀਆਂ ਤੇ ਮੇਰੀਆਂ।

ਅੱਖੀਆਂ ਉਦਾਸੀਆਂ ਨਾ ਸੌਣ ਕਦੇ ਰਾਤ ਨੂੰ।
ਭਰੇਂ ਨਾ ਹੁੰਗਾਰਾ ਨੀਂ ਤੂੰ ਮੇਰੀ ਪਾਈ ਬਾਤ ਨੂੰ।
ਕੰਧਾਂ ਨੂੰ ਸੁਣਾਵਾਂ ਦੱਸ ਕਿਵੇਂ ਗੱਲ ਤੇਰੀਆਂ।
ਟੁੱਟ ਗਈਆਂ ਪੀਂਘਾਂ ਰਾਣੋ ਤੇਰੀਆਂ ਤੇ ਮੇਰੀਆਂ।

ਉੱਡਣੇ ਪਰਿੰਦਿਆਂ ਤੇ ਹੱਕ ਕੀਹ ਜਤਾ ਲਿਆ।
ਉਮਰਾਂ ਦਾ ਰੋਣਾ ਆਪੇ ਝੋਲੀ ਵਿਚ ਪਾ ਲਿਆ।
ਰੱਬ ਅੱਗੇ ਕੀਤੀਆਂ ਮੈਂ ਮਿੰਨਤਾਂ ਬਥੇਰੀਆਂ।
ਟੁੱਟ ਗਈਆਂ ਪੀਂਘਾਂ ਰਾਣੋ ਤੇਰੀਆਂ ਤੇ ਮੇਰੀਆਂ।

ਯਾਦਾਂ ਦੇ ਸਮੁੰਦਰਾਂ 'ਚ ਡੋਰੇ ਤੇਰੀ ਅੱਖ ਦੇ।
ਮੋਈ ਮਿੱਟੀ ਇਹੀ ਤਾਂ ਜਿਉਂਦੀ ਸਦਾ ਰੱਖਦੇ।
ਸੱਜਣਾਂ ਬਗੈਰ ਬੰਦੇ ਮਿੱਟੀ ਦੀਆਂ ਢੇਰੀਆਂ।
ਟੁੱਟ ਗਈਆਂ ਪੀਂਘਾਂ ਰਾਣੋ ਤੇਰੀਆਂ ਤੇ ਮੇਰੀਆਂ।

●

ਯਤਨ ਕਰਾਂਗਾ

ਯਤਨ ਕਰਾਂਗਾ, ਵਕਤ ਸਮਾਵੇ ਆਉਂਦੇ ਜਾਂਦੇ ਸਾਹਾਂ ਅੰਦਰ।
ਇਹ ਨਾ ਸਬਕ ਸੁਣਾਵੀਂ ਮੈਨੂੰ, ਮਰ ਖਪ ਜਾਵਾਂ ਰਾਹਾਂ ਅੰਦਰ।

ਰੇਗਿਸਤਾਨ 'ਚ ਲੁਕੀਆਂ ਨਦੀਆਂ, ਝੀਲਾਂ ਪਰਬਤ ਨਦੀਆਂ ਨਾਲੇ,
ਮੇਰਾ ਤਾਂ ਵਿਸ਼ਵਾਸ ਅਟਲ ਹੈ, ਸਭ ਕੁਝ ਲੁਕਿਆ ਧਰਤੀਆਂ ਅੰਦਰ।

ਚੰਨ ਤੇ ਤਾਰੇ, ਸੂਰਜ ਮਿਲਕੇ ਅੰਬਰੀਂ ਖੇਡਣ ਲੁਕਣ ਮਚਾਈਆਂ,
ਰੀਝਾਂ ਦੀ ਸਤਰੰਗੀ ਝੂਲੇ, ਨੀਲ ਬਲੌਰੀ ਅੰਬਰਾਂ ਅੰਦਰ।

ਕਾਲ ਕਲੂਟੀ ਰਾਤੋਂ ਡਰ ਕੇ, ਕਿਉਂ ਬਹਿ ਜਾਈਏ ਚੁੱਪ ਚੁਪੀਤੇ,
ਯਤਨ ਕਰਾਂਗੇ, ਇਹ ਨਾ ਬਹਿ ਜੇ, ਹੱਡ ਮਾਸ ਦੇ ਪੁਤਲਿਆਂ ਅੰਦਰ।

ਤੂੰ ਵੀ ਘਰ ਦੀ ਖਿੜਕੀ ਖੋਲ੍ਹੀਂ, ਮੈਂ ਵੀ ਤੋੜੂੰ ਦਰ-ਦੀਵਾਰਾਂ,
ਮੁੱਕ ਜਾਵੇ ਨਾ ਸਾਂਝੀ ਧੜਕਣ, ਖ਼ੁਦ ਵਣਜੇ ਬਣਵਾਸਾਂ ਅੰਦਰ।

ਨਦੀਏ ਦੱਸ ਤੂੰ ਕਿਉਂ ਡਰਦੀ ਏਂ, ਜੇ ਸਾਗਰ ਦਾ ਅਸਗਾਹ ਪੈਂਡਾ,
ਫ਼ਿਕਰਾਂ ਅੰਦਰ ਕਿਉਂ ਡੁੱਬਦੀ ਏਂ, ਜ਼ਿੰਦਗੀ ਧੜਕੇ ਲਹਿਰਾਂ ਅੰਦਰ।

●

❑

ਲਾਹ ਦੇ ਰੂਹ ਤੋਂ ਭਾਰ ਵੀਰਨਾ

ਲਾਹ ਦੇ ਰੂਹ ਤੋਂ ਭਾਰ ਵੀਰਨਾ, ਏਦਾਂ ਤਾਂ ਨਾ ਮਾਰ ਵੀਰਨਾ।
ਤੇਰੀ ਧੜਕਨ ਏਥੇ ਧੜਕੇ, ਤੂੰ ਰਾਵੀ ਤੋਂ ਪਾਰ ਵੀਰਨਾ।

ਤੂੰ ਤੇ ਮੈਂ ਇਕ ਮਾਂ ਦੇ ਜਾਏ, ਤੀਜਾ ਕਰੇ ਖੁਆਰ ਵੀਰਨਾ।
ਹੱਥਾਂ ਵਿਚ ਹਥਿਆਰ ਫੜਾਵੇ, ਇਹ ਕਿੱਦਾਂ ਦਾ ਯਾਰ ਵੀਰਨਾ।

ਇਕ ਦੂਜੇ ਦੀ ਛਾਂ ਤੋਂ ਡਰ ਕੇ, ਡਿੱਗੇ ਮੂੰਹ ਦੇ ਭਾਰ ਵੀਰਨਾ।
ਦਿਲ ਤੋਂ ਦਿਲ ਨੂੰ ਸੜਕ ਸਲੇਟੀ, ਕਿਉਂ ਰੋਕੇ ਸਰਕਾਰ ਵੀਰਨਾ।

ਹਾਸ਼ਮ ਦੀ ਧਰਤੀ ਦਾ ਜਾਇਆਂ, ਹਾਫ਼ਿਜ਼ ਬਰਖ਼ੁਰਦਾਰ ਵੀਰਨਾ।
ਬੁੱਲ੍ਹੇ ਸ਼ਾਹ ਦਾ ਵਾਰਿਸ ਹਾਂ ਮੈਂ, ਕਾਦਰ ਮੇਰਾ ਯਾਰ ਵੀਰਨਾ।

ਪੀਲੂ ਦੀ ਸੱਦ ਬਣ ਚੱਲੀ ਏ, ਦੁੱਲੇ ਦੀ ਵੰਗਾਰ ਵੀਰਨਾ।
ਮੇਰਾ ਤਾਂ ਸੁਲਤਾਨ ਹੈ ਬਾਹੂ, ਦਿਲ ਤੇ ਰਹੇ ਸਵਾਰ ਵੀਰਨਾ।

ਮੈਂ ਦਾਮਨ ਦੀ ਕਵਿਤਾ ਵਿਚਲੀ, ਹਾਕਮ ਨੂੰ ਫਿਟਕਾਰ ਵੀਰਨਾ।
ਆਖ ਦਮੋਦਰ ਅੱਖੀਂ ਡਿੱਠਾ, ਰੱਖ ਨਾ ਰੂਹ 'ਤੇ ਭਾਰ ਵੀਰਨਾ।

●

ਮਿੱਟੀ ਦਾ ਕਰਜ਼ ਉਤਾਰਦਿਆਂ

ਸਾਰੀ ਉਮਰ ਰਿਹਾ ਜੋ ਘੜਦਾ* ਮਸਜਿਦ ਦੀ ਥਾਂ ਮੰਦਰ ਵੇਖੋ।
ਡੁੱਬਿਆ ਵੇਖੋ ਕਿੱਥੇ ਜਾ ਕੇ, ਮੋਹ ਦੇ ਪਿਆਲੇ ਅੰਦਰ ਵੇਖੋ।

ਧਰਮ ਕਰਮ ਵੀ ਠੀਕ, ਕਿਤਾਬਾਂ, ਚੌਧਰ, ਪਰਦਾਦਾਰੀ ਐਪਰ,
ਜੰਮਣ ਭੋਂ ਤੋਂ ਕਾਹਦਾ ਪਰਦਾ, ਏਸ ਕਚਹਿਰੀ ਅੰਦਰ ਵੇਖੋ।

ਲਾਠੀ, ਐਨਕ ਅਤੇ ਲੰਗੋਟੀ, ਲਾਹ ਦੇ ਲਾਹ ਦੇ ਆਖਣ ਸਾਰੇ,
ਉੱਚੀ ਉੱਚੀ ਕੂਕ ਰਹੇ ਨੇ ਗਾਂਧੀ ਜੀ ਦੇ ਬੰਦਰ ਵੇਖੋ।

ਹਾਲੇ ਤਾਂ ਇੱਕ ਅੱਖੋਂ ਪਹਿਲਾ ਹੰਝ ਕਿਰਿਆ ਏ ਧਰਤੀ ਉੱਤੇ,
ਪਲਕਾਂ ਪਿੱਛੇ ਸ਼ੂਕ ਰਿਹਾ ਏ, ਡਾਢਾ ਤਲਖ਼ ਸਮੁੰਦਰ ਵੇਖੋ।

ਅੱਜ ਮਾਸੂਮ ਜਿਹਾ ਦਿਲ ਮੇਰਾ, ਲੁਕਦਾ ਫਿਰਦੈ ਮੇਰੇ ਕੋਲੋਂ,
ਧੜਕਣ ਦਾ ਇਲਜ਼ਾਮ ਲੁਆ ਕੇ, ਮਨ ਦੇ ਸੁੱਚੇ ਮੰਦਰ ਵੇਖੋ।

ਜੰਗਲ, ਜੋਗੀ, ਬਿਰਖ਼ ਬਰੂਟੇ, ਟਾਹਣੀਆਂ ਕੋਲੋਂ ਪੁੱਛੋ ਜਾ ਰੇ,
ਬਲਦੀ ਅੱਗ ਨੂੰ ਵੇਖ ਵੇਖ ਕੇ, ਕੀ ਕੁਝ ਟੁੱਟਦੈ ਅੰਦਰ ਵੇਖੋ।

ਬਾਜ਼ ਗੁਆਚਾ ਅੰਬਰ ਗਾਹੁੰਦਾ, ਥੱਕਿਆ ਥੱਕਿਆ ਪੁੱਛੇ ਸਾਥੋਂ,
ਧਰਤੀ ਵਾਲਿਓ ਮੇਰੇ ਜੋਗੀ, ਬਿਰਖ਼ ਚ ਭੀੜੀ ਕੰਦਰ ਵੇਖੋ।

ਸਫ਼ਿਆਂ ਉੱਤੇ ਕੂੜ ਪਰੋਸਣ, ਦਾਨਿਸ਼ਵਰ ਅਖ਼ਬਾਰਾਂ ਰਲ਼ ਕੇ,
ਖੰਡ ਦੀਆਂ ਪੁੜੀਆਂ ਵਿਚ ਜ਼ਹਿਰਾਂ, ਸੁੱਟ ਨਾ ਆਪਣੇ ਅੰਦਰ ਵੇਖੋ।

●

*ਸ਼੍ਰੀ ਲਾਲ ਕ੍ਰਿਸ਼ਨ ਆਡਵਾਨੀ ਦੇ ਨਾਂ, ਜਿਸ ਨੇ ਆਪਣੀ ਜਨਮ ਭੂਮੀ ਸਿੰਧ (ਪਾਕਿਸਤਾਨ) ਜਾ ਕੇ ਰੂਹ ਤੋਂ ਪਰਦਾ ਉਤਾਰਦਿਆਂ ਸੱਚ ਬੋਲਣ ਦੀ ਹਿੰਮਤ ਕਰਕੇ ਆਪਣੇ ਜਨਮ ਸਥਾਨ ਲਈ ਮੋਹ ਪ੍ਰਗਟਾਇਆ ਤੇ ਭਾਰਤ ਪਰਤ ਕੇ ਮਹਿੰਗੀ ਕੀਮਤ ਤਾਰੀ।

ਜਬਰ ਜ਼ੁਲਮ ਦੀ ਜਦ ਵੀ 'ਨੇਰ੍ਹੀ ਚੜ੍ਹਦੀ ਏ

ਜਬਰ ਜ਼ੁਲਮ ਦੀ ਜਦ ਵੀ 'ਨੇਰ੍ਹੀ ਚੜ੍ਹਦੀ ਏ।
ਸਦਾ ਹਕੂਮਤ 'ਤਾਰੂ ਸਿੰਘ* ਨੂੰ ਫੜਦੀ ਏ।

ਅੰਬਰਸਰ ਦੇ ਪੂਹਲੇ ਪਿੰਡ ਜਾਂ ਹੋਰ ਕਿਤੇ,
ਫ਼ੌਜ ਮੁਗਲੀਆ ਕੰਧਾਂ ਕੋਠੇ ਚੜ੍ਹਦੀ ਏ।

ਜਾਮ ਸ਼ਹਾਦਤ ਵਾਲਾ ਮੂੰਹ ਨੂੰ ਲੱਗਦਾ ਤਾਂ,
ਮਾਂ ਦੀ ਸਿੱਖਿਆ ਸੂਰਮਿਆਂ ਨੂੰ ਘੜਦੀ ਏ।

'ਹਰਿ' ਦੇ 'ਭਗਤਾਂ ਵਿਚ ਵੀ ਬਹੁਤ 'ਨਿਰੰਜਨੀਏਂ',
ਪਾਪ ਦੀ ਗੁੱਡੀ ਤਾਂ ਹੀ ਉੱਚੀ ਚੜ੍ਹਦੀ ਏ।

'ਖ਼ਾਨ ਜ਼ਕਰੀਆ' ਸਾਡੇ ਅੰਦਰੋਂ ਮਰਦਾ ਨਹੀਂ,
ਓਸੇ ਸੰਗ 'ਗੁਰਬਾਣੀ' ਅੱਜ ਤੱਕ ਲੜਦੀ ਏ।

ਰੰਬੀ ਨਾਲ ਉਤਾਰਨ ਅੱਜ ਵੀ ਖੋਪੜੀਆਂ,
ਜ਼ਾਲਮ ਦੇ ਘਰ ਰੋਜ਼ ਕੜਾਹੀ ਚੜ੍ਹਦੀ ਏ।

ਭੁੱਲਿਆ ਵਰਕਾ, ਜਿੱਥੇ ਨਾਮ ਸ਼ਹੀਦਾਂ ਦਾ,
ਸੰਗਤ ਐਵੇਂ ਦੋਸ਼ ਕਿਸੇ ਸਿਰ ਮੜ੍ਹਦੀ ਏ।

ਬਰਸੀ ਆਉਂਦੀ ਆ ਕੇ ਸਿੱਧੀ ਲੰਘ ਜਾਂਦੀ,
ਸਿੱਧੀ ਬੱਸ ਜਿਉਂ ਹੋਵੇ, ਚੰਡੀਗੜ੍ਹ ਦੀ ਏ।

●

*ਵਿਸ਼ਵ ਦੇ ਸ਼ਹੀਦੀਆਂ ਸੰਬੰਧੀ ਇਤਿਹਾਸ ਵਿਚ ਸਿੱਖ ਸ਼ਹਾਦਤਾਂ ਦਾ ਰੁਤਬਾ ਬੜਾ ਵੱਖਰਾ ਹੈ। ਗੁਰੂ ਅਰਜਨ ਦੇਵ ਜੀ ਤੋਂ ਲੈ ਕੇ। ਇਸੇ ਲੜੀ ਵਿਚ ਭਾਈ ਤਾਰੂ ਸਿੰਘ ਚੇਤੇ ਆਉਂਦਾ ਹੈ। ਅੰਮ੍ਰਿਤਸਰ ਦੇ ਪਿੰਡ ਪੂਹਲੇ ਦਾ ਜੰਮਿਆ ਜਾਇਆ। ਵਿਰਸਾ, ਸੰਕਲਪ, ਸ਼ਹਾਦਤ ਦਾ ਸਬਕ ਆਪਣੀ ਮਾਂ ਤੋਂ ਲੈ ਕੇ ਮੁਗ਼ਲ ਹਕੂਮਤ ਦੀ ਅੱਖ 'ਚ ਰੜਕ ਬਣਿਆ। ਜੰਡਿਆਲਾ ਗੁਰੂ ਦੇ ਇਕ ਮੁਖ਼ਬਰ ਹਰਿਭਗਤ ਨਿਰੰਜਨੀਏਂ ਨੇ ਉਸ ਨੂੰ ਜ਼ਕਰੀਆ ਖ਼ਾਨ ਕੋਲ ਫੜਵਾ ਦਿੱਤਾ। ਰੰਬੀ ਨਾਲ ਖੋਪੜੀ ਉਤਾਰਨ ਵਾਲੀ ਜਸ਼ਾ ਵੀ ਏਸੇ ਨੇ ਸਿਫ਼ਾਰਸ਼ ਕੀਤੀ ਸੀ। ਅੱਜ ਹਰਿਭਗਤ ਨਿਰੰਜਨੀਆ ਅਤੇ ਜ਼ਕਰੀਆ ਖ਼ਾਨ ਦਾ ਸਿਰਨਾਵਾਂ ਲੱਭਣਾ ਮੁਹਾਲ ਹੈ ਪਰ ਭਾਈ ਤਾਰੂ ਸਿੰਘ ਵੀ ਸਾਡੇ ਚੇਤਿਆਂ ਵਿਚ ਜਿਉਂਦਾ ਹੈ। ਜੇ ਹੁਣ ਸਾਡੀ ਅਹਿਸਾਨ ਫਰਾਮੋਸ਼ੀ ਤੋਂ ਬਚ ਗਿਆ ਤਾਂ...)

ਚੱਲ ਬੁੱਲ੍ਹਿਆ ਧਰਤੀ 'ਤੇ ਚੱਲੀਏ

ਚੱਲ ਬੁੱਲ੍ਹਿਆ ਧਰਤੀ 'ਤੇ ਚੱਲੀਏ।
ਲੱਭੀਏ ਫੇਰ ਪੁਰਾਣੇ ਡੇਰੇ।
ਜੋ ਨਾ ਤੇਰੇ ਨਾ ਹੁਣ ਮੇਰੇ।
ਜਿੱਥੇ ਅੱਜ ਕੱਲ ਘੋਰ ਹਨੇਰੇ।
ਮੁੜ ਕੇ ਓਹੀ ਥਾਵਾਂ ਮੱਲੀਏ।

ਧਰਮ ਕਰਮ ਦੇ ਨਾਂ ਦੇ ਥੱਲੇ।
ਕੂੜ ਕੁਸੱਤ ਦੀ 'ਨ੍ਹੇਰੀ ਚੱਲੇ।
ਸਭ ਧਰਮਾਂ ਦੀ ਸੋਚ ਧੁਆਂਖੀ,
ਮੌਲਵੀਆਂ ਦੀ ਬੱਲੇ ਬੱਲੇ।
ਆ ਇਨ੍ਹਾਂ ਨੂੰ ਫੇਰ ਦਬੱਲੀਏ।

ਅਕਲ ਇਲਮ ਸਭ ਵਿਕਦਾ ਹੱਟੀਆਂ।
ਸੱਚ ਦੇ ਪਾਂਧੀ ਭਰਦੇ ਚੱਟੀਆਂ।
ਵਣਜ ਜ਼ਹਿਰ ਦਾ ਕਰਦੇ ਖੱਟੀਆਂ।
ਸਾਡੇ ਵਰਗਿਆਂ ਦੀ ਜਿੰਦ ਕੱਲ੍ਹੀ ਏ।

ਮਾਂ ਪਿਉ ਜਾਇਆਂ ਸਕੇ ਭਰਾਵਾਂ।
ਵੰਡ ਕੇ ਧਰਤੀ ਪਾੜੀਆਂ ਛਾਵਾਂ।
ਨਫ਼ਰਤ ਦੇ ਖੇਤੀ ਤੇ ਫ਼ਸਲਾਂ,
ਪਿਆਰ ਦਾ ਬੂਟਾ ਟਾਵਾਂ ਟਾਵਾਂ।
ਮੋਹ ਦਾ ਕੋਈ ਸੁਨੇਹਾ ਘੱਲੀਏ।

ਡੁੱਬੀ ਬੇੜੀ ਸਣੇ ਖਵੱਈਆ।
ਬਣ ਗਿਆ ਸਭ ਦਾ ਬਾਪ ਰੁਪੱਈਆ।
ਨੋਟ ਨਚਾਵੇ ਥੱਈਆ ਥੱਈਆ।
ਵਗਦੀ ਨੇਰ੍ਹੀ ਨੂੰ ਆ ਠੱਲ੍ਹੀਏ।

ਹਾਕਮਾਂ ਸਾਥੋਂ ਬਦਲੇ ਲੀਤੇ।
ਸ਼ਰਮ ਦੇ ਘੋਲ ਪਿਆਲੇ ਪੀਤੇ।
ਕਿਰਤਾਂ ਵਾਲੇ ਹੱਥ ਤੰਗ ਕੀਤੇ।
ਕਾਲੀ ਨੇਰ੍ਹੀ ਫਿਰ ਚੱਲੀ ਏ।

ਧਰਮਸਾਲ ਦੇ ਬੂਹੇ ਅੰਦਰ।
ਬਾਂਦਰ ਵੱਸਦਾ ਤਨ ਦੇ ਮੰਦਰ।
ਕੀਲੇਗਾ ਦੱਸ ਕੌਣ ਕਲੰਦਰ?
ਬਿਖੜੇ ਰਾਹਾਂ ਨੂੰ ਹੁਣ ਮੱਲੀਏ।

ਚੁੱਪ ਰਹਿਣਾ ਵੀ ਜ਼ੁਲਮ ਹਮਾਇਤ।
ਜੀਂਦੇ ਬੰਦੇ ਕਰਨ ਸ਼ਿਕਾਇਤ।
ਹੱਕ ਸੱਚ ਇਨਸਾਫ਼ ਰਵਾਇਤ।
ਖੰਭ ਲਗਾ ਕੇ ਉੱਡ ਚੱਲੀ ਏ।

ਨਾ ਹੀ ਜੀਂਦੇ, ਨਾ ਹੀ ਮੋਏ।
ਜਿਥੇ ਸਾਰੇ ਗੁੰਮ ਸੁੰਮ ਹੋਏ।
ਹਰ ਕੋਈ ਆਪਣੇ ਆਪ ਨੂੰ ਰੋਏ।
ਓਸ ਦੇਸ਼ ਦੀਆਂ ਜੂਹਾਂ ਮੱਲੀਏ।

ਚੱਲ ਬੁੱਲ੍ਹਿਆ ਧਰਤੀ 'ਤੇ ਚੱਲੀਏ
●

❑

ਸ਼ਹੀਦ ਭਗਤ ਸਿੰਘ ਬੋਲਦਾ ਹੈ

ਜਿਹੜੀ ਉਮਰੇ ਬਾਲ ਖੇਡਣ ਗੁੱਲੀ ਡੰਡਾ।
ਬੰਟਿਆਂ 'ਤੇ ਚੋਟ ਲਾਉਂਦੇ,
ਮਿੱਟੀ ਗੋ ਗੋ ਘਰ ਬਣਾਉਂਦੇ।
ਇਕ ਦੂਜੇ ਨਾਲ ਲੜਦੇ,
ਦੂਸਰੇ ਦਾ ਘਰ ਨੇ ਢਾਹੁੰਦੇ,
ਉਹ ਬੰਦੂਕਾਂ ਬੀਜਦਾ ਸੀ।

ਉਹ ਇਕੱਲਾ ਸੋਚਦਾ ਸੀ,
ਸਾਡੇ ਘਰ ਜਿਹੜੀ ਵੀ ਚਿੱਠੀ ਡਾਕ ਆਉਂਦੀ,
ਓਸ ਨੂੰ ਕੋਈ ਤੀਸਰਾ ਕਿਉਂ ਖੋਲ੍ਹਦਾ ਹੈ?
ਪੜ੍ਹਨ ਮਗਰੋਂ, ਮੇਰੀ ਮਾਂ ਤੇ ਚਾਚੀਆਂ ਨੂੰ
ਪੁੱਠਾ ਸਿੱਧਾ ਬੋਲਦਾ ਹੈ।

ਮਾਂ ਨੂੰ ਪੁੱਛੇ,
ਮੇਰੇ ਚਾਚੇ ਕਿਉਂ ਕਦੇ ਨਹੀਂ ਘਰ ਨੂੰ ਆਉਂਦੇ।
ਉਹ ਭਲਾ ਕਿਹੜੀ ਕਮਾਈ ਲੋਕਾਂ ਤੋਂ ਵੱਖਰੀ ਕਮਾਉਂਦੇ।

ਦੱਸਦੀ ਚੇਤੰਨ ਚਾਚੀ 'ਨਾਮ੍ਹ ਕੌਰ।
ਤੇਰੇ ਦੋਹਾਂ ਚਾਚਿਆਂ ਦੀ ਜੱਗ ਤੋਂ ਵੱਖਰੀ ਹੈ ਤੋਰ।
ਉਹ ਫਰੰਗੀ ਰਾਜ ਤੋਂ ਬਾਗੀ ਬਣੇ ਨੇ।
ਧੌਣ ਉੱਚੀ ਕਰ ਖੜ੍ਹੇ, ਮੁੱਕੇ ਤਣੇ ਨੇ।
ਗੋਰਿਆਂ ਨੇ ਫੜ ਉਨ੍ਹਾਂ ਨੂੰ ਜੇਲ੍ਹ ਪਾਇਆ।
ਤੇ ਇਲਾਕੇ ਵਿਚ ਇਹ ਫ਼ੁਰਮਾਨ ਲਾਇਆ।
ਇਹ ਫਰੰਗੀ ਰਾਜ ਦੇ ਦੁਸ਼ਮਣ ਨੇ ਵੱਡੇ।
ਸਾਡੇ ਘਰ ਦੇ ਚਾਰ ਪਾਸੇ ਤਾਂ ਹੀ ਉਨ੍ਹਾਂ ਸੂਹੀਏ ਛੱਡੇ।
ਸਾਡੇ ਆਪਣੇ ਸਕਿਆਂ ਨੇ ਕਰ ਗੱਦਾਰੀ।
ਲੈ ਲਈ ਸਾਡੇ ਹੀ ਚਾਚੇ ਜ਼ੈਲਦਾਰੀ।

ਏਸੇ ਕਰਕੇ ਸਾਡਾ ਰਾਹ ਸੌਖਾ ਨਹੀਂ ਹੈ।
ਪਰ ਜੇ ਲੋਕੀਂ ਜਾਗ ਉੱਠਣ, ਸਾਥ ਦੇਵਣ,
ਫਿਰ ਕੋਈ ਔਖਾ ਨਹੀਂ ਹੈ।

ਓਸ ਨੂੰ ਇਹ ਸੁਆਲ ਹਰ ਪਲ ਡੰਗਦਾ ਸੀ।
ਤੇ ਉਹ ਕਾਲ਼ੇ ਵਕਤ ਪਾਸੋਂ ਇਹਦਾ ਉੱਤਰ ਮੰਗਦਾ ਸੀ।
''ਬੋਲਦੇ ਸਾਰੇ ਨੇ ਏਥੇ ਜਾਗਦਾ ਕੋਈ ਨਹੀਂ।
ਸਫ਼ਰ ਵਿੱਚ ਹਾਂ ਆਖ਼ਦੇ ਨੇ ਤੁਰ ਰਿਹਾ ਕੋਈ ਨਹੀਂ।''

ਇਸ ਜਗ੍ਹਾ ਕਿਉਂ ਦਨ-ਦਨਾਉਂਦਾ ਚੁੱਪ ਖ਼ਿਲਾਅ ਹੈ।
ਮਰ ਰਿਹਾ ਜੀਵਨ ਦਾ ਚਾਅ ਹੈ।
ਏਨੀ ਡੂੰਘੀ ਚੁੱਪ ਨੂੰ ਮੈਂ ਕਿੰਜ ਤੋੜਾਂ।
ਤੇ ਸਮੇਂ ਦੀ ਵਾਗ ਮੋੜਾਂ।
ਫਿਰ ਅਚਾਨਕ ਸੋਚ ਆਵੇ।
ਜੇ ਨਹੀਂ ਸੁਣਦੇ ਤਾਂ ਲੋਕੀਂ ਨਾ ਸਹੀ।
ਅਸਰ ਰੱਖਦੀ ਹੈ ਹਮੇਸ਼ਾਂ ਗੱਲ ਕਹੀ।

ਦੂਰ ਥਾਂ, ਏਥੇ ਜਾਂ ਕਿਧਰੇ ਹੋਰ ਥਾਵੇਂ।
ਤੁਰ ਰਿਹਾ ਹਰ ਸ਼ਖਸ ਮੇਰਾ ਆਪਣਾ ਹੈ।
ਬੋਲਦਾ ਹਰ ਆਦਮੀ ਮੇਰਾ ਭਰਾ ਹੈ।
ਤਪ ਰਿਹਾ ਮੈਂ ਹੀ ਹਾਂ ਹਰ ਥਾਂ ਕੁ ਥਾਂ।
ਧਰਤ ਬਦਲਣ ਨਾਲ ਬਦਲੇ ਮੇਰਾ ਨਾਂ।

ਆਖਦਾ ਉਹ, ਜੇ ਭਲਾ ਪੁੱਛੋਗੇ ਮੈਨੂੰ,
ਤੂੰ ਗੁਲਾਮੀ ਨੂੰ ਕਿਹੋ ਜਹੀ ਸਮਝਦਾ ਹੈਂ?
ਮੈਂ ਕਹੂੰ ਔਰਤ ਦੇ ਪੈਰੀਂ ਛਣਕਦੀ ਪੰਜੇਬ ਵਰਗੀ।
ਜੇ ਕਹੋਗੇ ਜ਼ੁਲਮ ਦੀ ਸੂਰਤ ਪਛਾਣ।
ਮੈਂ ਕਹੂੰ ਗੋਰਾ ਫਰੰਗੀ,
ਫਿਰ ਕਹਾਂਗਾ ਬੀਤਿਆਂ ਵਕਤਾਂ 'ਚ
ਔਰੰਗਜ਼ੇਬ ਵਰਗੀ।

ਫੇਰ ਉੱਚੀ 'ਵਾਜ਼ ਮਾਰੇ ਤੇ ਉਚਾਰੇ।
ਏਸ ਧਰਤੀ ਨੂੰ ਸੁਹਾਗਣ ਕਰਨ ਵਾਲੇ,
ਮਾਂਗ ਅੰਦਰ ਖ਼ੂਨ ਦਾ ਸੰਧੂਰ ਹੱਥੀਂ ਭਰਨ ਵਾਲੇ,
ਦੂਰ ਕਾਫ਼ੀ ਦੂਰ ਤੁਰ ਗਏ ਜਾਪਦੇ ਨੇ।

ਓਸ ਨੂੰ ਇਹ ਵੀ ਪਤਾ ਸੀ,
ਓਸ ਦੇ ਵੱਡਿਆਂ ਨੇ "ਪੱਗ ਸਾਂਭਣ" ਦੀ ਪਹਿਲੀ ਬਾਤ ਪਾਈ।
ਸੌਂ ਰਹੀ ਜਨਤਾ ਜਗਾਈ, ਗੀਤ ਪਾਈ।

ਜ਼ੁਲਮ ਦੇ ਅੱਗੇ ਖਲੋਈਏ ਹਿੱਕ ਤਣ ਕੇ।
ਜੀਵੀਏ ਤਾਂ ਜੀਵੀਏ ਸਿਰਦਾਰ ਬਣ ਕੇ।

ਜੱਲ੍ਹਿਆਂ ਵਾਲੇ 'ਚ ਜਦ ਕਤਲਾਮ ਹੋਇਆ
ਉਹ ਅਜੇ ਬੱਚਾ ਸੀ ਭਾਵੇਂ,
ਕਹਿਣ ਲੱਗਾ "ਕਹਿਰ ਹੋਇਆ।"

ਤੁਰ ਲਾਹੌਰੋਂ ਆ ਗਿਆ ਉਹ ਰਾਤੋ ਰਾਤ ਅੰਬਰਸਰ।
ਉਸ ਦੇ ਮਨ ਅੰਦਰ ਨਹੀਂ ਸੀ ਕੋਈ ਵੀ ਡਰ।
ਰੱਤ ਭਿੱਜੀ ਮਿੱਟੀ ਉਸ ਸ਼ੀਸ਼ੀ 'ਚ ਪਾਈ
ਕਸਮ ਖਾਈ, ਜ਼ੁਲਮ ਤੇ ਜ਼ਾਲਮ ਨੂੰ ਏਥੋਂ ਕੱਢਣਾ ਹੈ।
ਕਰਨੀਆਂ ਆਜ਼ਾਦ ਪੌਣਾਂ, ਧੁੱਪਾਂ ਛਾਵਾਂ,
ਜੂੜ ਗੋਰੇਸ਼ਾਹੀ ਦਾ ਹੁਣ ਵੱਢਣਾ ਹੈ।

ਨਾਲ ਉਹਦੇ ਰਲ ਗਏ ਕੁਝ ਹਮ ਖਿਆਲ।
ਮੁਕਤੀਆਂ ਦੇ ਪਾਂਧੀਆਂ ਤੋਂ ਫੜ ਮਿਸ਼ਾਲ।
ਕਾਫ਼ਲਾ ਬਣ ਤੁਰ ਪਿਆ ਉਹ ਬੇਮਿਸਾਲ।

ਵਿਸ਼ਵ-ਦਰਸ਼ਨ ਨਾਲ ਉਸ ਮੱਥਾ ਜਗਾਇਆ।
ਹਾਣੀਆਂ ਨੂੰ ਕਹਿ ਸੁਣਾਇਆ।
ਹਰ ਜਗ੍ਹਾ ਸ਼ਸਤਰ ਨਹੀਂ ਹਥਿਆਰ ਹੁੰਦਾ।
ਬਹੁਤ ਵਾਰੀ ਸ਼ਾਸਤਰ ਵੀ ਯਾਰ ਹੁੰਦਾ।
ਉਹ ਕਿਤਾਬਾਂ ਬਹੁਤ ਪੜ੍ਹਦਾ, ਗਿਆਨ ਪੀਂਦਾ।
ਸ਼ਬਦ ਸੋਝੀ ਨਾਲ ਜੀਂਦਾ।

ਆਪ ਲਿਖਦਾ ਜਦ ਕਦੇ ਵੀ,
ਨੇਰ੍ਹਿਆਂ ਦੇ ਜਾਲ਼ ਤਾਰੋ ਤਾਰ ਕਰਦਾ।
ਦੇਸ਼ ਦੇ ਫ਼ਿਕਰਾਂ 'ਚ ਜੀਂਦਾ ਨਾਲ ਮਰਦਾ।
ਵਿਸ਼ਵ ਦੇ ਯੋਧੇ ਉਹਦੇ ਸੰਗੀ ਬਣੇ ਸੀ।
ਵੱਖ ਵੱਖ ਥਾਵਾਂ ਤੇ ਜੋ ਸੋਚਾਂ ਜਣੇ ਸੀ।

ਬੰਬ ਤੇ ਪਿਸਤੌਲ ਵੀ ਸਾਥੀ ਬਣਾਏ।
ਪਰ ਇਰਾਦਾ ਸਾਫ਼ ਸੀ ਕਿ,
ਉਸ ਦੇ ਹੱਥੋਂ ਨਾ ਬੇਦੋਸ਼ੀ ਜਾਨ ਜਾਵੇ।

ਚਮਕਿਆ ਸੂਰਜ ਦੇ ਵਾਂਗੂੰ ਦੇਸ਼ ਅੰਦਰ।
ਪਰ ਕਦੇ ਪ੍ਰਵਾਨਿਆ ਨਾ ਪੋਰਬੰਦਰ।
ਓਸ ਨੇ ਗਾਇਆ ਸੀ ਇੱਕੋ ਹੀ ਤਰਾਨਾ।
ਬਣਨ ਨਹੀਂ ਦੇਣਾ ਵਤਨ ਨੂੰ ਜੇਲ੍ਹਖ਼ਾਨਾ।

ਆਪਣੀ ਹੋਣੀ ਨੂੰ ਆਪੇ ਹੀ ਲਿਖਾਂਗੇ।
ਦੂਸਰੇ ਦਾ ਹੁਕਮ ਕਿਉਂ ਰਾਹ ਵਿਚ ਖਲੋਏ।
ਜਾਗ ਉੱਠਦੇ ਸੁਪਨ ਸੁੱਤੇ, ਬਿਰਧ, ਬੱਚੇ,
ਓਸ ਦੇ ਹਰ ਬੋਲ ਵਿਚੋਂ ਰੱਤ ਚੋਏ।

ਓਸ ਦੇ ਸਿਰ ਬੋਲਦਾ ਇੱਕੋ ਜਨੂੰਨ।
ਬਣਦੇ ਕਿਉਂ ਨੇ ਰਾਤ ਦਿਨ ਕਾਲੇ ਕਾਨੂੰਨ।
ਦੇਸ਼ ਦੀ ਦੌਲਤ ਬੇਗਾਨੇ ਲੁੱਟਦੇ ਨੇ।
ਜਿਸਨੂੰ ਜਿੱਥੇ ਜੀਅ 'ਚ ਆਵੇ,
ਅਮਨ ਤੇ ਕਾਨੂੰਨ ਦਾ ਕਰਕੇ ਬਹਾਨਾ,
ਆਪ ਹੀ ਬਣ ਬਹਿੰਦੇ ਮੁਨਸਿਫ਼,
ਚੌਂਕ ਵਿਚ ਢਾਹ ਕੁੱਟਦੇ ਨੇ।

ਜਿਸ ਨੂੰ ਜਿੱਥੇ ਜੀਅ 'ਚ ਆਵੇ, ਛਾਂਗ ਦੇਂਦੇ, ਪਾੜ ਦੇਂਦੇ।
ਉਮਰ ਕੈਦਾਂ, ਨਰਕ ਕੁੰਭੀ, ਫਾਂਸੀਆਂ ਤੇ ਚਾੜ੍ਹ ਦੇਂਦੇ।
ਰਹਿਣ ਦੇਣਾ ਹੁਣ ਕੋਈ ਸੰਗਲ ਨਹੀਂ ਹੈ।
ਦੇਸ਼ ਹੈ ਇਹ, ਇਹ ਕੋਈ ਜੰਗਲ ਨਹੀਂ ਹੈ।

ਹੋਰ ਨਹੀਂ ਝੱਲਣੀ ਭਰਾਓ ਹੁਣ ਜ਼ਲਾਲਤ।
ਆਪਣੇ ਵਿਸ਼ਵਾਸ ਦੀ
ਕੀਤੀ ਸੀ ਉਹਨੇ ਖ਼ੁਦ ਵਕਾਲਤ।
ਬੋਲਦੀ ਕੀਹ ਓਸ ਦੇ ਅੱਗੇ ਅਦਾਲਤ?

ਮੁਨਸਿਫ਼ਾਂ ਨੂੰ ਓਸ ਹਰ ਵਾਰੀ ਸੁਣਾਇਆ।
ਫ਼ੈਸਲਾ ਦੇਂਦੇ ਹੋ ਮਾਲਕ ਜੋ ਲਿਖਾਇਆ।

ਹੱਕ ਤੇ ਇਨਸਾਫ਼ ਵੀ ਕਰਿਆ ਕਰੋ।
ਆਪਣੀ ਨਜ਼ਰੋਂ ਨਾ ਡਿੱਗੋ, ਕੌਡਾਂ ਬਦਲੇ,
ਰੋਜ਼ ਨਾ ਮਰਿਆ ਕਰੋ।

ਮੈਂ ਹਕੂਮਤ ਤੋਂ ਕਦੇ ਡਰਨਾ ਨਹੀਂ ਹੈ।
ਫਾਂਸੀ ਚੜ੍ਹ ਕੇ ਵੀ ਕਦੇ ਮਰਨਾ ਨਹੀਂ ਹੈ।
ਮੈਂ ਤਾਂ ਸੂਰਜ ਹਾਂ- ਉਦੈ ਹੋਵਾਂਗਾ ਫ਼ੇਰ।
ਜ਼ੁੰਮੇਵਾਰੀ ਹੈ, ਮਿਟਾਉਣਾ ਕੂੜ੍ਹ ਨੇਰ੍ਹ।

ਨਰਮ ਪੰਥੀ ਅਰਜ਼ਮੰਦਾਂ ਨੂੰ ਵੀ ਸਿੱਧਾ ਆਖਿਆ ਸੀ।
ਐਵੇਂ ਇਹ ਹਥਿਆਰ ਤੱਕ ਕੇ,
ਦੋਸ਼ ਨਾ ਝੂਠੇ ਘੜੋ।
ਵਿਸ਼ਵ-ਦਰਸ਼ਨ ਨਾਲ ਵੀ
ਕੁਝ ਸਾਂਝ ਪਾਉ ਤੇ ਪੜ੍ਹੋ।
ਆਖਦੀ ਏ ਮੁਕਤੀਆਂ ਦੀ ਹਰ ਕਿਤਾਬ।
ਲੋਕ ਮੁਕਤੀ ਦਾ ਵਸੀਲਾ,
ਸਿਰਫ਼ ਇੱਕੋ-ਇਨਕਲਾਬ।

ਕੌਮ ਨੂੰ ਕਿੰਨਾ ਕੁ ਚਿਰ ਰੱਖੋਗੇ
ਹਾਲੇ ਨਾਅਰਿਆਂ ਵਿਚ।
ਹੋਰ ਨਾ ਪਰਚੇਗੀ ਹੁਣ ਇਹ ਲਾਰਿਆਂ ਵਿਚ।

ਦੇਸ਼ ਨੂੰ ਗੁਰਬਤ ਹਨ੍ਹੇਰਾ ਖਾ ਰਿਹਾ ਹੈ।
ਦੇਸ਼ ਦਾ ਸਰਮਾਇਆ ਕਿੱਥੇ ਜਾ ਰਿਹਾ ਹੈ?
ਦੇਸ਼ ਦੀ ਪੀੜਾ ਨੂੰ ਜਾਣੋ ਤੇ ਪਛਾਣੋ।
ਅੱਜ ਵੀ ਓਹੀ ਸਵਾਲ।
ਕਰ ਰਹੇ ਨੇ ਲੋਕਾਂ ਤਾਈਂ ਫਿਰ ਹਲਾਲ।

ਮੈਂ ਸ਼ਹਾਦਤ ਦੇਣ ਲਈ ਹਾਜ਼ਰ ਖੜ੍ਹਾ ਹਾਂ।
ਮੈਂ ਤਾਂ ਲੰਮੇ ਸਫ਼ਰ ਦਾ ਕੇਵਲ ਪੜਾਅ ਹਾਂ।
●

ਅਜਗਰ

ਅੱਖਾਂ ਭਾਂਬੜ ਮੂੰਹ ਵਿਚ ਅੱਗ ਹੈ।
ਜ਼ਹਿਰੀ ਚਿਹਰਾ ਝੱਗੋ ਝੱਗ ਹੈ।
ਅਜਗਰ ਵੇਖੋ ! ਜੰਗਲ ਵਿਚ ਦਹਾੜਦਾ ਹੈ।
ਕੁੱਲ ਆਲਮ ਨੂੰ ਹਰ ਪਲ ਸੂਲ਼ੀ ਚਾੜ੍ਹਦਾ ਹੈ।

ਧਰਤੀ ਦੀ ਕੁਖ਼ ਵਿਚ ਵੀ, ਇਹ ਹਥਿਆਰ ਧਰੇ।
ਅੰਬਰ ਵਿਚ ਮਿਜ਼ਾਈਲਾਂ, ਮਾਰੋ ਮਾਰ ਕਰੇ।
ਫੁੱਲ ਪੱਤੀਆਂ ਨੂੰ ਅੱਡੀਆਂ ਹੇਠ ਲਿਤਾੜਦਾ ਹੈ।
ਕੁੱਲ ਆਲਮ ਨੂੰ, ਹਰ ਪਲ ਸੂਲੀ ਚਾੜ੍ਹਦਾ ਹੈ।

ਅਮਨ ਚੈਨ ਦੇ ਅਰਥਾਂ ਨੂੰ ਤਬਦੀਲ ਕਰੇ।
ਆਪਣੀ ਮੁੱਛ ਦੀ ਖ਼ਾਤਰ ਲੋਕ ਜ਼ਲੀਲ ਕਰੇ।
ਕੌਡਾ ਰਾਖਸ਼, ਤੇਲ ਕੜਾਹੇ ਚਾੜ੍ਹਦਾ ਹੈ।
ਅਜਗਰ ਵੇਖੋ! ਜੰਗਲ ਵਿਚ ਦਹਾੜਦਾ ਹੈ।

ਪਾਣੀ ਪੌਣ ਧਰਤ ਨੂੰ, ਲਾਲੋ ਲਾਲ ਕਰੇ।
ਅਜਬ ਕਸਾਈ ਸੁਪਨੇ ਫੜੇ, ਹਲਾਲ ਕਰੇ।
ਉੱਡਣੇ ਪੰਛੀ, ਪਿੰਜਰਿਆਂ ਵਿਚ ਤਾੜਦਾ ਹੈ।
ਅਗਨ-ਦਰਿੰਦਾ ਜੰਗਲ ਵਿਚ ਦਹਾੜਦਾ ਹੈ।

ਹਰੇ ਕਚੂਰ ਦਰਖ਼ਤੀਂ, ਪੱਤੇ ਛਾਣਨੀਆਂ।
ਕਾਲਾ ਅੰਬਰ, ਲੁਕੀਆਂ ਰਾਤਾਂ ਚਾਨਣੀਆਂ।
ਧਰਮ ਕਰਮ ਦੇ ਵਰਕੇ, ਬਾਂਦਰ ਪਾੜਦਾ ਹੈ।
ਅਗਨ ਦਰਿੰਦਾ ਜੰਗਲ ਵਿਚ ਦਹਾੜਦਾ ਹੈ।

ਦੂਜੇ ਦੇ ਘਰ ਝਾਕੇ, ਚੰਦਰੀ ਵਾਦੀ ਹੈ।
ਲੋਕ ਰਾਜ ਦਾ ਜਾਪ, ਕਰੇ ਬਰਬਾਦੀ ਹੈ।
ਸੁਪਨ ਪੰਘੂੜੇ, ਅਗਨੀ ਦੇ ਵਿਚ ਸਾੜਦਾ ਹੈ।

ਆਦਮ ਖਾਣਾ ਜੰਤੂ, ਜਦ ਸਾਹ ਭਰਦਾ ਹੈ।
ਮੁਲਕ ਸਬੂਤੇ, ਵਿਚ ਜਬਾੜੇ ਧਰਦਾ ਹੈ।
ਤਪਦੀ ਲੋਹ ’ਤੇ, ਕੋਮਲ ਜ਼ਿੰਦਾਂ ਸਾੜਦਾ ਹੈ।

ਵੀਤਨਾਮ ਤੋਂ ਤੁਰਿਆ, ਪਹੁੰਚ ਇਰਾਕ ਗਿਆ।
ਉਹੀ ਬੂਟਾ ਸੁੱਕਿਆ, ਜਿੱਧਰ ਝਾਕ ਗਿਆ।
ਗੁੰਡਾ ਗਰਦੀ ਕਰਦਾ, ਨਾਲੇ ਤਾੜਦਾ ਹੈ।
ਅਗਨ ਦਰਿੰਦਾ ਜੰਗਲ ਵਿਚ ਦਹਾੜਦਾ ਹੈ।

ਕੁੱਲ ਦੁਨੀਆਂ ਦੇ ਮਾਲ ਖ਼ਜ਼ਾਨੇ ਲੁੱਟਦਾ ਹੈ।
ਜਿਹੜਾ ਅੱਗੋਂ ਬੋਲੇ ਦੱਬ ਕੇ ਕੁੱਟਦਾ ਹੈ।
ਹੰਕਾਰੀ ਦੇ ਵਾਂਗ, ਫਿਰੇ ਚੰਗਿਆੜਦਾ ਹੈ।
ਅਗਨ ਦਰਿੰਦਾ ਜੰਗਲ ਵਿਚ ਦਹਾੜਦਾ ਹੈ।

ਅੱਥਰੇ ਘੋੜੇ ਦੀ ਹੁਣ, ਕਿਹੜਾ ਵਾਗ ਫੜੇ?
ਮਾਰ ਪਲਾਕੀ ਜੋ ਹੁਣ, ਇਹਦੀ ਕੰਡ ਚੜ੍ਹੇ।
ਸਾਡੀਆਂ ਫ਼ਸਲਾਂ, ਜਿਹੜਾ ਫਿਰੇ ਉਜਾੜਦਾ ਹੈ।
ਅਗਨ ਦਰਿੰਦਾ ਜੰਗਲ ਵਿਚ ਦਹਾੜਦਾ ਹੈ।
●

ਪੰਜ ਸਦੀਆਂ ਪਰਤ ਕੇ

ਡੇਰਾ ਬਾਬਾ ਨਾਨਕ ਸਰਹੱਦ ਤੇ ਖਲੋ ਕੇ

ਪੰਜ ਸਦੀਆਂ ਪਰਤ ਕੇ ਨਾਨਕ ਪਿਆਰਾ ਵੇਖਿਆ।
ਕਿਰਤ ਦਾ ਕਰਤਾਰਪੁਰ ਵੱਖਰਾ ਨਜ਼ਾਰਾ ਵੇਖਿਆ।

ਖੇਤਾਂ ਨੂੰ ਵਾਹੁੰਦਾ, ਬੀਜਦਾ ਤੇ ਆਪ ਪਾਲਣਹਾਰ ਹੈ।
ਜਪਦਾ ਨਾ ਕੱਲ੍ਹੇ ਨਾਮ ਨੂੰ, ਹੱਥੀਂ ਵੀ ਕਰਦਾ ਕਾਰ ਹੈ।
ਗ਼ਰਜ਼ਮੰਦਾਂ ਵੰਡਦਾ ਅੰਨ ਦਾ ਭੰਡਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਕੱਢਦਾ ਸਿਆੜ੍ਹ ਫੇਰ ਖ਼ੁਦ, ਰੂਹਾਂ 'ਚ ਬਾਣੀ ਕੇਰਦਾ।
ਮਾਲਾ ਨਾ ਕੱਲ੍ਹੀ ਘੁੰਮਦੀ, ਮਨ ਦੇ ਵੀ ਮਣਕੇ ਫੇਰਦਾ।
ਰਾਵੀ ਦੇ ਕੰਢੇ ਵਰਤਦਾ ਅਦਭੁਤ ਨਜ਼ਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਨਿਸ਼ਕਾਮ ਨਿਰਛਲ ਨੀਰ ਨੂੰ ਅੰਗਦ ਬਣਾਇਆ ਲਹਿਣਿਓਂ।
ਸੇਵਾ ਹੈ ਏਦਾਂ ਮੌਲਦੀ, ਮਿਲਦਾ ਬਿਨਾ ਕੁਝ ਕਹਿਣਿਓਂ।
ਬਿਨ ਬੋਲਿਆਂ ਸਭ ਜਾਣਦਾ, ਐਸਾ ਪਿਆਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਪੰਜ ਸਦੀਆਂ ਬਾਦ ਅੱਜ ਰਟਦੇ ਹਾਂ ਤੇਰੇ ਨਾਮ ਨੂੰ।
ਛੇੜਦਾ ਨਾ ਸੁਰ ਅੱਲਾਹੀ ਹੁਣ ਕੋਈ ਸੁਬਹ ਸ਼ਾਮ ਨੂੰ।
ਸੁਰਤਿ ਦਾ ਤਾਹੀਓਂ ਹੀ ਤਾਂ ਪੈਂਦਾ ਖਿਲਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਕਿਹੜਾ ਕਹੇ ਮਰਦਾਨਿਆਂ ਤੂੰ ਛੇੜ ਹੁਣ ਰਬਾਬ ਨੂੰ।
ਤਾਹੀਓਂ ਸਿਉਂਕ ਲੱਗ ਗਈ ਬਾਬਾ ਤੇਰੇ ਪੰਜਾਬ ਨੂੰ।

ਰੂਹਾਂ ਨੂੰ ਚੀਰੀ ਜਾ ਰਿਹਾ, ਭਟਕਣ ਦਾ ਆਰਾ ਦੇਖਿਆ।
ਕਿਰਤ ਦਾ ਕਰਤਾਰਪੁਰ...।

ਦੇ ਕੇ ਪੰਜਾਲੀ ਬੌਲਦਾਂ ਨੂੰ ਬਾਬਾ ਲਾਉਂਦਾ ਜੋਤਰਾ।
ਓਸ ਨੇ ਨਾ ਵੇਖਿਆ ਕਿਹੜਾ ਹੈ ਪੁੱਤ ਜਾਂ ਪੋਤਰਾ।
ਇਕ ਹੀ ਓਂਕਾਰ ਦਾ ਨੂਰੀ ਦੁਲਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਲੋਧੀ ਸਣੇ ਸੁਲਤਾਨਪੁਰ ਬਾਬੇ ਦੀ ਨਗਰੀ ਹੋ ਗਿਆ।
ਬੇਈਂ 'ਚੋਂ ਉਚਰੇ ਸ਼ਬਦ ਦਾ ਭੀੜਾਂ 'ਚ ਚਿਹਰਾ ਖੋ ਗਿਆ।
ਅੰਨ੍ਹੀ ਰੱਯਤ ਭਟਕਦੀ ਖ਼ੁਰਦਾ ਕਿਨਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਤੇਰੇ ਵਿਆਹ ਤੇ ਅੱਜ ਵੀ ਹਰ ਸਾਲ ਵਾਜੇ ਵੱਜਦੇ।
ਚੜ੍ਹਦੀ ਬਾਰਾਤ ਕੂੜ ਦੀ, ਬੱਦਲ ਸਿਆਸੀ ਗੱਜਦੇ।
ਪੇਕੇ ਸੁਲੱਖਣੀ ਮਾਤ ਦੇ ਇਹ ਵੀ ਮੈਂ ਕਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਪੌਣ ਗੁਰ, ਪਾਣੀ ਪਿਤਾ, ਧਰਤੀ ਨੂੰ ਮਾਤਾ ਕਹਿ ਗਿਆ।
ਤੇਜ਼ ਰਫ਼ਤਾਰੀ 'ਚ ਹੁਣ ਉਪਦੇਸ਼ ਪਿੱਛੇ ਰਹਿ ਗਿਆ।
ਕਹਿਰ ਦਾ ਤਾਹੀਓਂ, ਦਿਨੇ ਚੜ੍ਹਿਆ ਸਿਤਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਸਿੱਧਾਂ ਨੇ ਚੋਲੇ ਪਹਿਨ ਕੇ ਤੇਰੀ ਹੀ ਬਾਣੀ ਰੱਟ ਲਈ।
ਅੱਚਲ ਵਟਾਲਾ ਛੱਡ ਕੇ, ਥਾਂ-ਥਾਂ ਚਲਾਉਂਦੇ ਹੱਟ ਕਈ।
ਭਰਮਾਂ ਦਾ ਭਾਂਡਾ ਭਰ ਗਿਆ, 'ਗੋਸ਼ਟਿ' ਵਿਚਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਹਾਲੇ ਕੰਧਾਰੀ ਵਲੀ ਦਾ ਹੰਕਾਰ ਨਹੀਓਂ ਟੁੱਟਿਆ।
ਅੱਜ ਵੀ ਉਹ ਪਾਣੀਆਂ ਤੇ ਕਰਨ ਕਬਜ਼ੇ ਜੁੱਟਿਆ।
'ਤਰਕ' ਦੀ ਛਾਤੀ ਤੇ ਮੁੜ ਪੱਥਰ ਮੈਂ ਭਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

ਮਲਿਕ ਭਾਗੋ ਅੱਜ ਵੀ, ਓਨਾਂ ਹੀ ਟੇਢਾ ਬੋਲਦਾ।
ਤੱਕੜੀ ਵਾਲਾ ਵੀ ਮੋਦੀ, ਘੱਟ ਸੌਦਾ ਤੋਲਦਾ।
ਉੱਡਦਾ ਅੰਬਰ 'ਚ ਮੈਂ, ਫੂਕੀ ਗੁਬਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ...।

'ਜਪੁਜੀ' ਦੀ ਸਿਰਜਣ-ਭੂਮ ਦੇ ਚੇਤੇ ਨਿਰੰਤਰ ਡੰਗਦੇ।
ਤਾਹੀਓਂ ਹੀ ਤੇਰੇ ਪੁੱਤ ਸੀ ਰਾਵੀ ਤੋਂ ਲਾਂਘਾ ਮੰਗਦੇ।
ਪੂਰੀ ਕਰੀ ਅਰਦਾਸ ਤੂੰ, ਤੇਰਾ ਸਹਾਰਾ ਵੇਖਿਆ।
ਕਿਰਤ ਦਾ ਕਰਤਾਰਪੁਰ ਵੱਖਰਾ ਨਜ਼ਾਰਾ ਵੇਖਿਆ।
●

❑

ਇਤਿਹਾਸ ਰੇਖਾ

ਸਾਡੇ ਕੋਲ ਹਾਥੀ ਸੀ।
ਆਲਸ ਸਾਡਾ ਸਾਥੀ ਸੀ।

ਸਿਕੰਦਰ ਕੋਲ ਘੋੜੇ ਸੀ।
ਸਾਥੀ ਭਾਵੇਂ ਥੋੜੇ ਸੀ।
ਏਸੇ ਲਈ ਉਹ ਜਿੱਤਿਆ।

ਬਾਬਰ ਕੋਲ ਬੰਦੂਕ ਸੀ।
ਭਰਾਵਾਂ ਨਾਲ ਸਲੂਕ ਸੀ।

ਸਾਡੇ ਕੋਲ ਤੀਰ ਸੀ।
ਰੁੱਸੇ ਫਿਰਦੇ ਵੀਰ ਸੀ।
ਏਸੇ ਲਈ ਉਹ ਜਿੱਤਿਆ।

ਫਰੰਗੀ ਕੋਲ ਲਿਆਕਤ ਸੀ।
ਢਿੱਡ ਦੇ ਵਿਚ ਸ਼ਰਾਰਤ ਸੀ।

ਸਾਡੇ ਕੋਲ ਵੀ ਲਿਆਕਤ ਸੀ।
ਪੱਲੇ ਸਿਰਫ਼ ਹਮਾਕਤ ਸੀ।
ਏਸੇ ਲਈ ਉਹ ਜਿੱਤਿਆ।

ਹਾਕਮ ਕੋਲ ਅੱਜ ਤਾਂ
ਹਾਥੀ ਅਤੇ ਘੋੜੇ ਨੇ।

ਬੰਬ ਤੇ ਬੰਦੂਕ ਨੇ।
ਤੀਰ ਤੇ ਤਲਵਾਰ ਨੇ।
ਦੂਰ ਦੂਰ ਮਾਰ ਕਰਦੇ।
ਖ਼ਤਰਨਾਕ ਹਥਿਆਰ ਨੇ।

ਉਸ ਕੋਲ ਭਾੜੇ ਬੱਧੀ
ਪਾਲਤੂ ਲਿਆਕਤ ਹੈ।
ਸ਼ਰਾਰਤ ਹੈ, ਗੁੱਝੀ ਸਿਆਸਤ ਹੈ
ਮਣਾਂ ਮੂੰਹੀਂ ਹਮਾਕਤ ਹੈ।

ਸਾਡੇ ਕੋਲ ਟਾਕਰੇ ਲਈ
ਕਵਚ ਹੈ ਨਾ ਢਾਲ ਹੈ।
ਵੱਖ-ਵੱਖ ਬੰਦਿਆਂ ਦੀ,
ਅੱਡੋ ਅੱਡ ਚਾਲ ਹੈ।

ਏਸੇ ਲਈ ਤਾਂ ਵੇਖੋ ਸਾਡਾ,
ਹੋਇਆ ਮੰਦਾ ਹਾਲ ਹੈ।
ਕੁਝ ਲੋਕ ਰੱਜ ਗਏ,
ਬਾਕੀ ਮੁਲਕ ਕੰਗਾਲ ਹੈ।
ਸੋਨੇ ਵਾਲੀ ਚਿੜੀ ਅੱਗੇ,
ਦਾਣੇ ਦਾ ਸੁਆਲ ਹੈ।
ਬੱਧੇ ਹੋਏ ਖੰਭਾਂ ਨਾਲ,
ਉੱਡਣਾ ਮੁਹਾਲ ਹੈ।
●

❑

ਨੂਰ ਜਹਾਂ ਹਾਲੇ ਵੀ ਗਾਉਂਦੀ

ਜੱਗ ਜਹਾਨੋਂ ਤੁਰ ਗਈ ਭਾਵੇਂ,
ਨੂਰ ਜਹਾਂ ਹਾਲੇ ਵੀ ਗਾਉਂਦੀ।

ਧਰਤੀ ਧਰਤੀ ਪਰਬਤ ਪਰਬਤ,
ਧਰਤੀ ਹੇਠ ਪਤਾਲ ਤੋਂ ਲੈ ਕੇ,
ਅੰਬਰ ਦੇ ਵਿਚ ਜਗਦੇ ਸੂਰਜ ਤਾਰਿਆਂ ਤੀਕਰ।
ਜੋ ਜੋ ਜਾਗਣ ਸਾਰਿਆਂ ਤੀਕਰ।
ਨੂਰ ਜਹਾਂ ਹਾਲੇ ਵੀ ਗਾਉਂਦੀ।
ਬੋਲ ਸੁਣਾਉਂਦੀ।

ਰੋਮ ਰੋਮ ਝਰਨਾਟ ਛੇੜਦੀ।
ਜਿਵੇਂ ਪਹਾੜੋਂ ਝਰਨਾ ਕੋਈ,
ਨਿਰਮਲ ਨਿਰਮਲ ਨੀਰ ਲਿਆਵੇ।
ਧਰਤ ਪਿਆਸੀ ਅੰਦਰ ਮੁੜ ਕੇ ਸਵਾਸ ਜਗਾਵੇ।

ਪੀਰ ਫ਼ਕੀਰ ਦੀ ਕਬਰ ਤੇ ਜਗੇ ਚਿਰਾਗ ਵਾਂਗਰਾਂ,
ਨੇਰ੍ਹ ਚੀਰਦੀ ਸੁਰ ਜਦ ਲਾਵੇ।
ਕਣ ਕਣ ਝੂਮ ਉੱਠੇ ਤੇ ਖ਼ੂਬ ਵਜਦ ਵਿਚ ਆਵੇ।
ਰੌਸ਼ਨੀਆਂ ਦੀ ਅੰਬਰ ਗੰਗਾ ਖਿੜ ਖਿੜ ਜਾਵੇ।

ਧਰਤ ਹਨ੍ਹੇਰੀ ਰੌਸ਼ਨ ਕਰਦੀ।
ਚਾਨਣ ਚਾਨਣ ਕਣੀਆਂ ਵਰਗੀ ਬਾਰਸ਼ ਵਰ੍ਹਦੀ।
ਨੂਰੋ ਨੂਰ ਧਰਤ ਦੇ ਮੱਥੇ ਸਭ ਰੰਗ ਭਰਦੀ।
ਨੂਰ ਜਹਾਂ ਦੀ ਸ਼ਾਹ ਰਗ ਅੰਦਰ,
ਮਾਰੂਥਲ ਦੀ ਹੂਕ ਕੂਕਦੀ।

ਜਿਵੇਂ ਸ਼ੁਤਰ ਦੇ ਗਲ ਵਿਚ,
ਲਮਕਣ ਟੱਲ ਮ ਟੱਲੀਆਂ।
ਇਕ ਦੂਜੇ ਤੋਂ ਦੂਰ ਪਹੁੱਚੀਆਂ ਕੱਲ੍ਹ-ਮ-ਕੱਲ੍ਹੀਆਂ।
ਕਾਫ਼ਲਿਆਂ ਤੋਂ ਨਿੱਖੜ ਗਈਆਂ,
ਕਿੰਨੀਆਂ ਸੱਸੀਆਂ ਪੁੰਨੂੰਆਂ ਛਲੀਆਂ।
ਫਿਰ ਵੀ ਪੁੰਨਣ ਕੂਕ ਕੂਕ ਹੋ ਰਹੀਆਂ ਝੱਲੀਆਂ।

ਨੂਰ ਜਹਾਂ ਦੀ ਕੂਕ ਅੱਲਾਹੀ,
ਧੁਰ ਦਰਗਾਹੀਂ ਪਹੁੰਚਣ ਵਾਲੀ।
ਦਰਦਮੰਦਾਂ ਦੀਆਂ ਆਹੀਂ ਵਾਂਗੂੰ।
ਅੰਬਰ ਕਾਲਾ ਕਰਨ ਵਾਲੀਆਂ ਹੂਕਾਂ ਕੂਕਾਂ।

ਜਿਵੇਂ ਸ਼ਰੀਂਹ ਦੀ ਟਾਹਣੀ ਉੱਤੇ,
ਸੁੱਕੀਆਂ ਫ਼ਲੀਆਂ ਵਾਲੀਆਂ ਲੜੀਆਂ।
ਹਵਾ ਹਿਲੋਰੇ ਨਾਲ ਛਣਕ,
ਝਰਨਾਟਾਂ ਛੇੜਨ ਰੂਹ ਵਿਚ ਬੜੀਆਂ।
ਵਸਲ ਉਡੀਕੇ, ਹਿਜਰ ਦੀਆਂ ਮੁੱਕ ਜਾਵਣ ਘੜੀਆਂ।

ਨੂਰ ਜਹਾਂ ਦਾ ਨੂਰ,
ਸ਼ਬਦ ਤੋਂ ਬਹੁਤ ਅਗਾਂਹ ਹੈ।
ਯਾਰ ਬਲੋਚ ਦੀ ਤਾਂਘ 'ਚ,
ਲੁੱਛਦੀ ਸੱਸੀ ਵਰਗਾ।
ਤਪਦੀ ਰੇਤ ਤੇ ਵਾਹੋਦਾਰੀ,
ਭੱਜਦੀ ਪੈਰੀਂ ਛਾਲੇ ਲੈ ਕੇ।
ਆਪਣੇ ਆਪੇ ਵੱਲ ਨੂੰ,
ਆਪੇ ਭੱਜੀ ਆਉਂਦੀ।
ਨੂਰ ਜਹਾਂ ਹਾਲੇ ਵੀ ਗਾਉਂਦੀ।
●

ਗੂੜ੍ਹੀ ਨੀਂਦਰ ਸੁੱਤੇ ਪੁੱਤਰ ਪੰਜ ਦਰਿਆਵਾਂ ਦੇ।

ਗੂੜ੍ਹੀ ਨੀਂਦਰ ਸੁੱਤੇ ਪੁੱਤਰ ਪੰਜ ਦਰਿਆਵਾਂ ਦੇ।
ਟੁਕੜੇ ਟੁਕੜੇ ਹੋ ਗਏ ਤਾਂਹੀਉਂ ਅੱਥਰੇ ਚਾਵਾਂ ਦੇ।

ਸ਼ੇਰਾਂ ਦੇ ਪੁੱਤ ਸ਼ੇਰ ਕਹਾਵਤ ਝੂਠੀ ਜੱਗ ਦੀ ਏ।
ਮਾਂ ਦੇ ਦੁੱਧ ਨੂੰ ਲਾਜ ਰੋਜ਼ਾਨਾ ਏਥੇ ਲੱਗਦੀ ਏ।
ਕੱਚੀ ਤੰਦ ਤੋਂ ਕੱਚੇ ਹੋ ਗਏ ਰਿਸ਼ਤੇ ਲਾਵਾਂ ਦੇ।
ਟੁਕੜੇ ਟੁਕੜੇ ਹੋ ਗਏ ਤਾਹੀਉਂ ਅੱਥਰੇ ਚਾਵਾਂ ਦੇ।

ਸਾਡੀ ਸੀ ਮਰਿਆਦਾ ਸਾਰੇ ਰਲ ਕੇ ਖਾਂਦੇ ਸੀ।
ਏਕਸ ਕੇ ਹਮ ਬਾਰਿਕ, 'ਕੱਠੇ ਬੋਲ ਸੁਣਾਂਦੇ ਸੀ।
ਜਾਨ ਦੇ ਵੈਰੀ ਹੋ ਗਏ ਜਿਹੜੇ ਸਾਂਝੀ ਸਾਹਵਾਂ ਦੇ।
ਟੁਕੜੇ ਟੁਕੜੇ ਹੋ ਗਏ ਤਾਹੀਉਂ ਅੱਥਰੇ ਚਾਵਾਂ ਦੇ।

ਚੜ੍ਹੀ ਖੁਮਾਰੀ ਨਸ਼ਿਆਂ ਦੀ ਸਭ ਪੁੱਤਰ ਧੀਆਂ ਨੂੰ।
ਕਿਹੜਾ ਬਹਿ ਸਮਝਾਏ, ਗਰਕੇ ਘਰ ਦੇ ਜੀਆਂ ਨੂੰ।
ਬਿਰਖ਼ ਸੁਣਾਉਂਦੇ ਬਾਤਾਂ ਜੀ, ਹਰ ਪਿੰਡ ਦੀਆਂ ਰਾਹਵਾਂ ਦੇ।
ਟੁਕੜੇ ਟੁਕੜੇ ਹੋ ਗਏ ਤਾਹੀਉਂ ਅੱਥਰੇ ਚਾਵਾਂ ਦੇ।

ਮਿੱਟੀ ਖ਼ਾਤਰ ਮਰ ਚੱਲੇ ਇੱਕ ਮਾਂ ਦੇ ਜਾਏ ਨੇ।
ਇਸ ਧਰਤੀ ਤੇ ਕੈਸੇ ਉਲਟ ਜ਼ਮਾਨੇ ਆਏ ਨੇ।
ਗ਼ਰਜ਼ਾਂ ਵਿੰਨ੍ਹੇ ਰਿਸ਼ਤੇ, ਟੁੱਟ ਗਏ ਮਾਣ ਭਰਾਵਾਂ ਦੇ।
ਟੁਕੜੇ ਟੁਕੜੇ ਹੋ ਗਏ ਤਾਹੀਉਂ ਅੱਥਰੇ ਚਾਵਾਂ ਦੇ।
●

ਜਿਨ੍ਹਾਂ ਕੋਲ ਹਥਿਆਰ ਹਨ

ਜਿੰਨ੍ਹਾਂ ਕੋਲ ਹਥਿਆਰ ਹਨ,
ਉਹ ਜਿਊਣਾ ਨਹੀਂ ਜਾਣਦੇ,
ਸਿਰਫ਼ ਮਰਨਾ ਤੇ ਮਾਰਨਾ ਜਾਣਦੇ ਹਨ।

ਖੇਡਣਾ ਨਹੀਂ ਜਾਣਦੇ,
ਖੇਡ ਵਿਗਾੜਨੀ ਜਾਣਦੇ ਹਨ।
ਸ਼ਿਕਾਰ ਖੇਡਦੇ ਖੇਡਦੇ,
ਖੂੰਖ਼ਾਰ ਸ਼ਿਕਾਰੀ।
ਹਰ ਪਲ ਸ਼ਿਕਾਰ ਲੱਭਦੇ।

ਜਿੰਨ੍ਹਾਂ ਕੋਲ ਹਥਿਆਰ ਹਨ,
ਉਨ੍ਹਾਂ ਕੋਲ ਬਹੁਤ ਕੁਝ ਹੈ,
ਖੁਸ਼ੀਆਂ ਖੇੜਿਆਂ ਚਾਵਾਂ ਤੋਂ ਸਿਵਾ।

ਹਥਿਆਰਾਂ ਵਾਲਿਆਂ ਕੋਲ,
ਪੰਡਾਂ ਦੀਆਂ ਪੰਡਾਂ ਹੈਂਕੜ ਹੈ।
ਹੰਕਾਰ ਹੈ ਬੇਮੁਹਾਰ।
ਜਾਂਗਲੀ ਵਿਹਾਰ ਹੈ।
ਜਾਨ ਲੈਣਾ ਕਿਰਦਾਰ ਹੈ।
ਰਹਿਮ ਤੋਂ ਸਿਵਾ।

ਉਹ ਨਹੀਂ ਜਾਣਦੇ,
ਹਥਿਆਰ ਦਾ ਮੂੰਹ ਕਾਲ਼ਾ ਹੁੰਦੈ।
ਤੇ ਮੌਤ ਤੋਂ ਸਿਵਾ ਉਹ,
ਕੁਝ ਵੀ ਵੰਡਣ ਦੇ ਕਾਬਲ ਨਹੀਂ ਹੁੰਦੇ।
ਬੇਰਹਿਮ ਦਰਿੰਦੇ ਜਹੇ।
ਹਥਿਆਰਾਂ ਦੇ ਵਣਜਾਰੇ।

ਅੰਤਰ ਰਾਸ਼ਟਰੀ ਹਤਿਆਰੇ।
ਆਦਮਖ਼ੋਰ ਵਰਤਾਰੇ।
ਜ਼ਿੰਦਗੀ ਤੋਂ ਕੋਹਾਂ ਦੂਰ।

ਹਥਿਆਰਾਂ ਵਾਲਿਆਂ ਕੋਲ
ਸ਼ਬਦ ਨਹੀਂ ਹੁੰਦੇ।
ਧਮਕੀਆਂ ਹੁੰਦੀਆਂ ਹਨ।
ਮਰਨ ਮਾਰਨ ਦੀਆਂ।
ਹੌਂਕਦੀਆਂ ਜੀਭਾਂ ਹੁੰਦੀਆਂ ਹਨ।
ਉਨ੍ਹਾਂ ਕੋਲ ਝਾਂਜਰਾਂ ਨਹੀਂ ਹੁੰਦੀਆਂ
ਚਾਵਾਂ ਦੇ ਪੈਰੀਂ ਪਾਕੇ ਨੱਚਣ ਲਈ।

ਛਣਕਾਰ ਉਨ੍ਹਾਂ ਦੇ ਸ਼ਬਦਕੋਸ਼ ਦਾ
ਹਿੱਸਾ ਨਹੀਂ ਬਣਦਾ ਕਦੇ।
ਧਰਤੀ ਤੇ ਵਿਛੀ ਵਿਛਾਈ ਰਹਿ ਜਾਂਦੀ ਹੈ,
ਫੁੱਲਾਂ ਕੱਢੀ ਚਾਦਰ।
ਹੋਰ ਕੁਝ ਨਹੀਂ ਹੁੰਦਾ ਉਨ੍ਹਾਂ ਕੋਲ
ਜਿੰਨ੍ਹਾਂ ਕੋਲ ਹਥਿਆਰ ਹੁੰਦਾ ਹੈ।
●

❑

ਸ਼ੀਸ਼ਾ ਸਵਾਲ ਕਰਦਾ ਹੈ

ਲਾਹੌਰ ਸ਼ਹਿਰ 'ਚ,
ਸ਼ਾਹੀ ਕਿਲ੍ਹੇ ਸਾਹਮਣੇ,
ਗੁਰੂਦੁਆਰਾ ਡੇਰਾ ਸਾਹਿਬ ਵਿੱਚ,
ਵੱਡਾ ਸਾਰਾ,
ਅੰਬਰ ਜੇਡਾ ਸ਼ੀਸ਼ਾ ਲੱਗਾ ਹੈ।
ਜਿਸ 'ਚ ਜਹਾਂਗੀਰ ਹਰ ਰੋਜ਼,
ਆਪਣਾ ਚਿਹਰਾ ਨਿਹਾਰਦਾ।
ਖ਼ੁਦ ਨੂੰ ਫਿਟਕਾਰਦਾ,
ਕੁਝ ਏਦਾਂ ਮੂੰਹੋਂ ਉਚਾਰਦਾ ਹੈ।

ਜਿਸ ਸ਼ਬਦ ਨੂੰ,
ਮੈਂ ਤੱਤੀ ਤਵੀ ਤੇ ਬਿਠਾਇਆ।
ਹਰ ਜ਼ੁਲਮ ਕਮਾਇਆ।
ਉਹ ਅੱਜ ਵੀ ਸਹਿਜਮਤੇ ਠੰਢ ਵਰਤਾਵੇ।
ਦੁਹਾਈ ਓ ਮੇਰੇ ਅੱਲ੍ਹਾ ਦੀ ਦੁਹਾਈ,
ਮੈਨੂੰ ਇਹ ਗੱਲ ਸਮਝ ਨਾ ਆਵੇ।

ਸ਼ਹਿਰ ਲਾਹੌਰੋਂ,
ਬਰਫ਼ ਦੇ ਘਰ ਕਸ਼ਮੀਰ 'ਚ ਜਾ ਕੇ ਵੀ,
ਅੱਗ ਮੇਰੇ ਨਾਲ ਨਾਲ ਤੁਰੀ ਆਈ।
ਹਿੱਕ 'ਚ ਬਲਦੀ ਹੈ,
ਉਦੋਂ ਦੀ ਚਵਾਤੀ ਲਾਈ।
ਏਨੀਆਂ ਸਦੀਆਂ ਬਾਅਦ,
ਪੁਸ਼ਤ ਦਰ ਪੁਸ਼ਤ,
ਇਹੀ ਅੱਗ ਮੇਰਾ ਅੱਜ ਵੀ ਪਿੱਛਾ ਕਰਦੀ।
ਜਬਰ ਜ਼ੁਲਮ ਤੋਂ ਭੋਰਾ ਵੀ ਨਾ ਡਰਦੀ।
ਭਾਣਾ ਮਿੱਠਾ ਕਰ ਮੰਨਦੀ,

ਸਵਾਸ ਸਵਾਸ ਹਰ ਹਰ ਕਰਦੀ,
ਇਹੀ ਆਖਦੀ ਹੈ,
ਜਹਾਂਗੀਰ! ਸੱਤਾ ਨਾਲ ਬਗਲਗੀਰ! ਭੁੱਲੀਂ ਨਾ।
ਬਾਦਸ਼ਾਹਾਂ ਦੀ ਬਦੀ ਚੂਸਦੀ ਹੈ ਰੱਤ,
ਪਰ,
ਪਾਤਿਸ਼ਾਹ ਸਾਂਭਦੇ ਨੇ ਅਣਖ਼ੀਲੀ ਪੱਤ।

ਵਕਤ! ਮੈਨੂੰ ਮੁਆਫ਼ ਕਰੀਂ,
ਮੈਂ ਤੱਤੀ ਤਵੀ, ਬਲ਼ਦੀ ਰੇਤ,
ਤੇ ਵਗਦੀ ਰਾਵੀ 'ਚ,
ਹਰ ਰੋਜ਼ ਤਪਦਾ, ਸੜਦਾ ਤੇ ਡੁੱਬਦਾ ਹਾਂ।
ਕਿਲ੍ਹੇ 'ਚੋਂ ਹਰ ਰੋਜ਼ ਨਿਕਲਦਿਆਂ,
ਸ਼ੀਸ਼ਾ ਮੈਨੂੰ ਅਨੇਕਾਂ ਸੁਆਲ ਕਰਦਾ ਹੈ।
ਹਾਲੋਂ ਬੇਹਾਲ ਕਰਦਾ ਹੈ,
ਸਾਰਾ ਦਿਨ ਪਿੱਛਾ ਨਹੀਂ ਛੱਡਦਾ।
ਬੇਹੱਦ ਨਿਢਾਲ ਕਰਦਾ ਹੈ।

ਸਵਾਲ ਦਰ ਸਵਾਲ ਕਰਦਾ ਸ਼ੀਸ਼ਾ,
ਬੇਜਿਸਮ ਹੈ,
ਮੈਥੋਂ ਟੁੱਟਦਾ ਨਹੀਂ।
ਨਿਰਾਕਾਰ ਹੈ,
ਭੋਰਾ ਵੀ ਫੁੱਟਦਾ ਨਹੀਂ।
ਇਹ ਸ਼ੀਸ਼ਾ ਮੈਨੂੰ ਸੌਣ ਨਹੀਂ ਦਿੰਦਾ।
●

ਕਿਤੇ ਨਹੀਂ ਜਾਵੇਗਾ ਖੱਯਾਮ*

ਮਿੱਟੀ ਕਿਰੀ ਹੈ !
ਕਬਰ ਵੱਲ ਖਿਸਕੀ ਹੈ।
ਕਿਤੇ ਨਹੀਂ ਜਾਵੇਗਾ ਖੱਯਾਮ।
ਸੁਰਾਂ ਤਰੰਗਾਂ,
ਜ਼ਿੰਦਗੀ ਦੇ ਸਗਲ ਰੰਗਾਂ ਨੂੰ,
ਕੁਰਤੇ ਦੀ ਵੱਖੀ ਵਾਲੀ ਜੇਬ 'ਚ ਪਾ,
ਇੱਥੇ ਹੀ ਕਿਤੇ,
ਅੱਗੇ ਪਿੱਛੇ ਹੋ ਗਿਆ ਹੋਵੇਗਾ।
ਕਿਤੇ ਨਹੀਂ ਜਾਂਦਾ ਸੁਰਾਂਗਲਾ ਅੰਬਰ।
ਕਦੀ ਅਲਵਿਦਾ ਨਾ ਆਖਿਉ!

ਸਾਜ਼ਾਂ ਨੂੰ ਆਵਾਜ਼ਾਂ ਵਿੱਚ,
ਘੋਲ ਰਿਹਾ ਹੋਵੇਗਾ ਕਿਤੇ ਇਕਾਂਤ 'ਚ।
ਪੌਣਾਂ ਨੂੰ ਕਹਿ ਰਿਹਾ ਹੋਵੇਗਾ,
ਮੇਰਾ ਗੀਤ ਬਣ ਜਾਉ!
ਸਾਹਿਰ ਲੁਧਿਆਣਵੀ ਦੀਆਂ,
ਦਰਦੀਲੀਆਂ ਗ਼ਜ਼ਲਾਂ, ਗੀਤਾਂ ਨੂੰ,
ਸੁਰ-ਬੱਧ ਕਰ ਰਿਹਾ ਹੋਵੇਗਾ।

ਕਿਤੇ ਨਹੀਂ ਗਿਆ ਖੱਯਾਮ।
ਇੱਥੇ ਹੀ ਕਿਤੇ ਮੌਤ ਨੂੰ,
ਕਹਿ ਰਿਹਾ ਹੋਵੇਗਾ।
ਜਾਹ ਕਿਤੇ ਹੋਰ,
ਮੈਂ ਤੇਰਾ ਸ਼ਿਕਾਰ ਨਹੀਂ ਹੋਣਾ।
ਵਿਸ਼ਾਲ ਸਾਗਰ ਦੀ
ਤਲਾਸ਼ੀ ਲੈਣੀ ਪਵੇਗੀ ਧੁਰ ਤੀਕ।
ਅੰਬਰ ਗਾਹੁਣਾ ਪਵੇਗਾ।

*ਖੱਯਾਮ ਰਾਹੋਂ (ਨਵਾਂ ਸ਼ਹਿਰ ਜਨਮਿਆ ਸੰਗੀਤਕਾਰ)

ਤਾਰਾ ਦਰ ਤਾਰਾ ਚੰਦਰਮਾ ਸਮੇਤ।
ਸੂਰਜ ਨੂੰ ਫ਼ੋਲਣਾ ਪਵੇਗਾ ਸਮੂਲਚਾ।
ਪੌਣਾਂ ਕਸ਼ੀਦ ਸਕਦੀ ਹੈਂ ਤਾਂ,
ਮੈਨੂੰ ਵੀ ਲੱਭ ਸਕਦੀ ਹੈਂ?
ਮੈਂ ਤਾਂ ਫ਼ੈਜ਼ ਅਹਿਮਦ ਫ਼ੈਜ਼ ਦੀ ਕਵਿਤਾ ਵਾਂਗ,
ਬੰਧਨ ਮੁਕਤ ਹਾਂ।
ਵਕਤ ਦੇ ਹਰ ਸੰਗਲ ਤੋਂ।

ਚਾਰ ਦੀਵਾਰੀ 'ਚ ਘਿਰਿਆ,
ਮੈਂ ਨਹੀਂ ਹਾਂ ਕਿਸੇ ਮਕਾਨ ਵਾਂਗ।
ਮੈਂ ਤਾਂ ਘਰ ਹਾਂ ਬਿਨ ਦੀਵਾਰ,
ਰੰਗ-ਜ਼ਾਤ, ਨਸਲ, ਵਤਨੋਂ ਬੇਵਤਨ।

ਸ਼ਰਬਤ 'ਚ ਘੁਲਿਆ ਸਵਾਦ ਹਾਂ।
ਨਾ ਮੈਂ ਅੰਤ ਨਾ ਆਦਿ ਹਾਂ।
ਅਨੰਤ ਵਿਸਮਾਦ ਹਾਂ।
ਸੁਣ ਸਕੇਂ ਤਾਂ ਅਨਹਦ ਨਾਦ ਹਾਂ।
ਕਿਤੇ ਨਹੀਂ ਜਾਵਾਂਗਾ ਰਹਾਂਗਾ ਨਾਲ-ਨਾਲ।
ਸਾਹਾਂ ਦੀ ਸਰਗਮ 'ਚ ਰਹਾਂਗਾ।
ਜਿੱਥੇ ਮੇਰਾ ਪੱਕਾ ਕਿਆਮ ਹੈ।
ਭੁੱਲੀਂ ਨਾ ਕਦੇ, ਮੇਰਾ ਨਾਮ ਖੱਯਾਮ ਹੈ।

ਰਿਸ਼ਤਿਆਂ ਨਾਤਿਆਂ ਦੀ ਜੂਹੋਂ ਪਾਰ।
ਮੇਰਾ ਬਹੁਤ ਵਚਿੱਤਰ ਅਜਬ ਸੰਸਾਰ।
ਦਰਵੇਸ਼ਾਂ ਵਾਂਗ ਦਰਦ ਕਹਿੰਦਾ,
ਬਾਬਾ ਫ਼ਰੀਦ, ਸ਼ਾਹ ਹੁਸੈਨ,
ਬੁੱਲ੍ਹਾ ਮੇਰਾ ਯਾਰ।
ਅੰਬਰ ਦੇ ਸਤਰੰਗੇ ਮੇਲੇ 'ਚ
ਅੱਠਵਾਂ ਰੰਗ ਮੈਂ ਬਣਾਂਗਾ।
ਕਹਿ ਗਿਆ ਹੈ ਜਾਣ ਲੱਗਾ ਖੱਯਾਮ।

ਰਤਾ ਕੁ ਸੁਸਤਾਵਾਂਗਾ
ਲੱਕ ਸਿੱਧਾ ਕਰਕੇ ਪਰਤ ਆਵਾਂਗਾ

ਪਰ ਮੇਰੇ ਜੋਗੀ ਜ਼ਮੀਨ ਸਲਾਮਤ ਰੱਖਿਓ !
ਮੈਂ ਸਰਦਾਰਨੀ ਜਗਜੀਤ ਕੌਰ ਨਾਲ ਉਮਰ ਗੁਜ਼ਾਰੀ ਹੈ।
ਫੁੱਲ 'ਚ ਖ਼ੁਸ਼ਬੋਈ ਵਾਂਗ !
ਮੈਨੂੰ ਵੱਖ ਨਾ ਕਰਿਉ।
ਫ਼ਰੀਦ, ਨਾਨਕ ਕਬੀਰ ਤੇ ਨਾਮਦੇਵ
ਵਾਂਗ ਮੈਂ ਤੁਹਾਨੂੰ ਮਿਲਣ ਆਵਾਂਗਾ।
ਬਾਰ ਬਾਰ ਓਨੀ ਵਾਰ
ਜਦ ਤੀਕ ਤੁਹਾਨੂੰ ਜਿਸਮਾਂ 'ਚੋਂ
ਇਨਸਾਨ ਲੱਭਣ ਦੀ
ਜਾਚ ਨਹੀਂ ਆਉਂਦੀ।

ਕਿਤੇ ਨਹੀਂ ਗਿਆ ਖੱਯਾਮ।
ਇੱਥੇ ਹੀ ਕਿਤੇ ਗੁਲਜ਼ਾਰ ਜਾਂ
ਜਾਵੇਦ ਅਖ਼ਤਰ ਦੇ ਸ਼ਬਦਾਂ 'ਚੋਂ
ਸੁਰਵੰਤੇ ਅਰਥਾਂ ਦੀ
ਤਲਾਸ਼ ਕਰ ਰਿਹਾ ਹੋਵੇਗਾ
●

ਸਾਡਿਆਂ ਸਵਾਲਾਂ ਦੇ ਜਵਾਬ ਸਾਨੂੰ ਮੋੜ ਦੇ

ਸਾਡਿਆਂ ਸਵਾਲਾਂ ਦੇ ਜਵਾਬ ਸਾਨੂੰ ਮੋੜ ਦੇ।
ਜ਼ਾਲਮਾ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਮਹਿਲ ਤੂੰ ਸੰਭਾਲ ਸਾਨੂੰ ਢਾਰਿਆਂ 'ਚ ਰਹਿਣ ਦੇ।
ਦਿਲ ਵਾਲੀ ਵਾਰਤਾ ਜ਼ਬਾਨ ਨੂੰ ਤੂੰ ਕਹਿਣ ਦੇ।
ਪਿਆਰ ਦੇ ਭੁਲੇਖੇ ਦਾ ਬੁਖ਼ਾਰ ਹੁਣ ਲਹਿਣ ਦੇ।
ਛੱਡ ਬੇਈਮਾਨਾ! ਬਦਨੀਤੀਆਂ ਤੂੰ ਛੋੜ ਦੇ।
ਜ਼ਾਲਮਾ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸਾਡੇ ਦਰਿਆਵਾਂ ਨੂੰ ਤੂੰ ਪੁੱਠੇ ਰਾਹੇ ਤੋਰ ਨਾ।
ਡੋਡੀਆਂ ਗੁਲਾਬ ਦੀਆਂ ਅੱਗ ਉੱਤੇ ਭੋਰ ਨਾ।
ਹੋ ਗਿਆ ਯਕੀਨ, ਵੈਰੀ ਤੇਰੇ ਬਿਨਾ ਹੋਰ ਨਾ।
ਘੱਟਿਆ' ਚ ਰੋਲ ਨਾ ਤੂੰ ਸੁਪਨੇ ਕਰੋੜ ਦੇ।
ਜ਼ਾਲਮਾ ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਮਾਲਕੀ ਤਿਆਗ, ਅੱਜ ਠੰਢੇ ਹੌਕੇ ਭਰਦੇ।
ਮਰ ਗਏ ਆਂ ਅਸੀਂ ਤੇਰਾ ਚੌਂਕੀਦਾਰਾ ਕਰਦੇ।
ਪਾਟੇ ਪਰਨੋਟ ਸਾਥੋਂ ਆਪਣੇ ਹੀ ਘਰ ਦੇ।
ਜਿੱਥੇ ਕਿਤੇ ਲਿਖੇ ਸੀ ਕਿਤਾਬ ਸਾਨੂੰ ਮੋੜ ਦੇ।
ਜ਼ਾਲਮਾ ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸੱਤਾਂ ਦਰਿਆਵਾਂ ਤੋਂ ਸੀ ਪੰਜਾਂ ਉੱਤੇ ਆ ਗਏ।
ਚੀਰਿਆ ਤੂੰ ਲੱਕੋਂ, ਅਸੀਂ ਢਾਈਆਂ ਉੱਤੇ ਆ ਗਏ।
ਸਾਡੇ ਹੀ ਨਾਲਾਇਕ ਪੁੱਤ, ਵੇਚ ਸਾਨੂੰ ਖਾ ਗਏ।
ਤਿੜਕੇ ਯਕੀਨ ਤੂੰ ਪਿਆਰ ਨਾਲ ਜੋੜ ਦੇ।
ਵੈਰੀਆ ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਬਣ ਜਾਣ ਵੇਖੀਂ ਕਿਤੇ ਹੱਥ ਹਥਿਆਰ ਨਾ।
ਡਿੱਗਿਆਂ ਨੂੰ ਹੋਰ ਤੂੰ ਕਸੂਤੀ ਮਾਰ ਮਾਰ ਨਾ।
ਤੰਦ ਟੁੱਟ ਜਾਵੇ, ਕਾਇਮ ਰਹਿੰਦਾ ਰਾਣੀਹਾਰ ਨਾ।
ਸਦਾ ਹੀ ਸਿਆਣੇ, ਮਨ ਬਦੀ ਵੱਲੋਂ ਹੋੜਦੇ।
ਜ਼ਾਲਮਾ ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਸਾਡੀਆਂ ਜ਼ਮੀਨਾਂ ਤੇ ਬਾਜ਼ਾਰ ਸਾਥੋਂ ਖੋਹ ਨਾ।
ਏਸ ਨਾਲੋਂ ਵੱਡਾ ਹੋਰ ਕੋਈ ਵੀ ਧਰੋਹ ਨਾ।
ਤੇਰੇ ਨਾਲੋਂ ਘੱਟ ਸਾਨੂੰ, ਦੇਸ਼ ਨਾਲ ਮੋਹ ਨਾ।
ਬਾਜ਼ਾਂ ਦੇ ਹਾਂ ਪੁੱਤ, ਭਾਵੇਂ ਜੰਮੇ ਵਿੱਚ ਖੋੜ ਦੇ।
ਵੈਰੀਆ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।

ਕਿੰਨੀਆਂ ਸਤਾਈਆਂ, ਆਈਆਂ ਰਣ ਵਿੱਚ ਚੁੰਨੀਆਂ।
ਜਿੰਨ੍ਹਾਂ ਦੀਆਂ ਰੀਝਾਂ ਨੇ ਤੂੰ ਸੂਲਾਂ ਚ ਪਰੁੰਨੀਆਂ।
ਆਸਾਂ ਦੇ ਚਿਰਾਗਾਂ ਬਿਨਾ ਅੱਖੀਆਂ ਨੇ ਸੁੰਨੀਆਂ।
ਜਿੰਨ੍ਹਾਂ ਦੇ ਨੇ ਹੱਥ ਭਲਾ ਸਭਨਾਂ ਦਾ ਲੋੜਦੇ।
ਜ਼ਾਲਮਾ! ਤੂੰ ਸਾਡਾ ਹੀ ਪੰਜਾਬ ਸਾਨੂੰ ਮੋੜ ਦੇ।
●

ਮੈਥੋਂ ਦੂਰ ਨਹੀਂ ਨਨਕਾਣਾ

ਹਰ ਦਮ ਦੇ ਗੇੜੇ ਦਰਸ ਕਰਾਂ, ਸਾਹਾਂ ਵਿੱਚ ਆਉਣਾ ਜਾਣਾ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ।

ਮੱਝੀਆਂ ਦਾ ਛੇੜੂ ਵੇਖ ਰਿਹਾਂ, ਨਾਨਕ ਨੂੰ ਮੱਝੀਆਂ ਚਾਰਦਿਆਂ।
ਦੂਜੇ ਦੇ ਮਨ ਨੂੰ ਜਿੱਤਣ ਲਈ, ਖ਼ੁਦ ਆਪਣੇ ਹੱਥੋਂ ਹਾਰਦਿਆਂ।
ਮੈਂ ਵੇਖ ਰਿਹਾਂ ਹਾਂ ਰਾਏ ਬੁਲਾਰ, ਵਕਤੋਂ ਵੀ ਵੱਧ ਸਿਆਣਾ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ।

ਮਰਦਾਨਾ ਛੇੜੇ ਤਾਨ ਜਦੋਂ, ਜੰਗਲ ਤੇ ਬੇਲੇ ਸੁਣਦੇ ਨੇ।
ਤੇ ਸ਼ਬਦ ਇਲਾਹੀ ਨਾਨਕ ਦੇ, ਪੌਣਾਂ 'ਚੋਂ ਜ਼ਹਿਰਾਂ ਪੁਣਦੇ ਨੇ।
ਹਿੰਦੂ ਦੀ ਪੱਤਰੀ ਕੂੜ ਕਹੇ, ਤੁਰਕੂ ਨੂੰ ਆਖੇ ਕਾਣਾ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ।

ਉਸ ਮਿੱਟੀ ਤੋਂ ਬਲਿਹਾਰੀ ਹਾਂ, ਜਿੱਥੇ ਵੀ ਸੂਰਜ ਉੱਗਦਾ ਹੈ।
ਹੱਕ ਸੱਚ ਅਤੇ ਇਨਸਾਫ਼ ਜਿਹਾ, ਜਿਸ ਪਿੰਡ ਨੂੰ ਸੌਦਾ ਪੁੱਗਦਾ ਹੈ।
ਨਜ਼ਰਾਂ ਵਿੱਚ ਜਿਥੇ ਫ਼ਰਕ ਨਹੀਂ, ਇੱਕੋ ਜਹੇ ਰੰਕ ਤੇ ਰਾਣਾ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀ ਨਨਕਾਣਾ।

ਉਸ ਜੰਡ ਨੂੰ ਮੇਰਾ ਸੀਸ ਝੁਕੇ, ਜਿਸ ਨਾਲ ਸੀ ਲਛਮਣ ਸਿੰਘ ਸੜਿਆ।
ਕੁਰਬਾਨੀ ਬਿਨ ਕੁਝ ਲੱਭੇ ਨਾ, ਜਿਸ ਪਾਠ ਪੜ੍ਹਾਇਆ, ਖ਼ੁਦ ਪੜ੍ਹਿਆ।
ਹਰ ਯੁਗ ਵਿੱਚ ਮਹੰਤ ਨਰੈਣੂ ਨੇ, ਏਦਾਂ ਹੀ ਕਹਿਰ ਕਮਾਣਾ।
ਕਣ ਕਣ 'ਚੋਂ ਬੋਲੇ ਸਬਕ ਸਦਾ, ਮੇਰੇ ਮਨ ਵਿਚਲਾ ਨਨਕਾਣਾ।

ਹੱਦਾਂ ਸਰਹੱਦਾਂ ਸਾਂਭ ਲਵੋ, ਮੈਂ ਵੀਜ਼ੇ ਪਰਮਿਟ ਕੀ ਕਰਨੇ।
ਦਿਲ ਅੰਦਰ ਝਾਤੀ ਮਾਰ ਲਵਾਂ, ਜਦ ਚਾਹਾਂ ਦਰਸ਼ਨ ਖ਼ੁਦ ਕਰਨੇ।
ਮੈਂ ਆਪਣੇ ਮਨ ਦਾ ਹਾਕਮ ਹਾਂ, ਜਿੱਥੇ ਕੋਈ ਨਾ ਚੌਂਕੀ, ਠਾਣਾ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ।

ਛੇੜ ਮਰਦਾਨਿਆ ਤੂੰ ਸੁਰਾਂ ਰੱਬ ਰੰਗੀਆਂ

ਛੇੜ ਮਰਦਾਨਿਆ ਤੂੰ ਸੁਰਾਂ ਰੱਬ-ਰੰਗੀਆਂ।
ਬੋਲ ਪਏ ਰਬਾਬ ਹੁਣ ਚੁੱਪਾਂ ਨਹੀਉਂ ਚੰਗੀਆਂ।

ਸੁਰਾਂ ਵਿੱਚ ਦਾਤਾ ਗੰਜ ਬਖ਼ਸ਼, ਫ਼ਰੀਦ ਹੈ।
ਸੂਫ਼ੀ ਸ਼ਾਹ ਹੁਸੈਨ ਇਹਦਾ ਬੁੱਲ੍ਹਾ ਵੀ ਮੁਰੀਦ ਹੈ।
ਕੋਝੀਆਂ ਸਿਆਸਤਾਂ ਨੇ ਜਾਨਾਂ ਸੂਲੀ ਟੰਗੀਆਂ।
ਛੇੜ ਮਰਦਾਨਿਆ ਤੂੰ ਸੁਰਾਂ ਰੱਬ-ਰੰਗੀਆਂ।

ਆਪਣੇ ਹੀ ਰੰਗ ਦੇ ਬਣਾਏ ਇਨ੍ਹਾਂ ਰੱਬ ਨੇ।
ਚੁੰਨੀਆਂ ਤੇ ਪੱਗਾਂ ਛੱਡ, ਸੋਚਾਂ ਵਿੱਚ ਡੱਬ ਨੇ।
ਕਿਹੜਿਆਂ ਕੁਚੱਜਿਆਂ ਲਲਾਰੀਆਂ ਨੇ ਰੰਗੀਆਂ।
ਛੇੜ ਮਰਦਾਨਿਆ ਤੂੰ ਸੁਰਾਂ ਰੱਬ-ਰੰਗੀਆਂ।

ਬੋਲ ਪਏ ਰਬਾਬ ਸੁਰਤਾਲ ਰਹਿਣ ਲੱਗਦੇ।
ਮਨਾਂ 'ਚ ਹਮੇਸ਼ ਹੀ ਚਿਰਾਗ ਰਹਿਣ ਜਗਦੇ।
ਵੱਖ ਵੱਖ ਵਹਿਣ ਦੋਵੇਂ, ਗੱਲਾਂ ਨਹੀਉਂ ਚੰਗੀਆਂ।
ਛੇੜ ਮਰਦਾਨਿਆਂ ਤੂੰ ਸੁਰਾਂ ਰੱਬ-ਰੰਗੀਆਂ।

ਬਿਨਾ ਵਿਸਮਾਦ ਮਨ ਬੜਾ ਹੀ ਉਦਾਸ ਹੈ।
ਟੁੱਟੀ ਤਾਰ ਜੋੜ ਬਾਬਾ, ਤੇਰੇ ਤੋਂ ਇਹ ਆਸ ਹੈ।
ਪਹਿਲਾਂ ਨਾਲੋਂ ਵੱਧ ਭਾਵੇਂ ਸਾਡੇ ਘਰੀਂ ਤੰਗੀਆਂ।

ਛੇੜ ਮਰਦਾਨਿਆ ਤੂੰ ਸੁਰਾਂ ਰੱਬ-ਰੰਗੀਆਂ।
ਬੋਲ ਪਏ ਰਬਾਬ ਹੁਣ ਚੁੱਪਾਂ ਨਹੀਂਉਂ ਚੰਗੀਆਂ।

❑

ਰੰਗ ਦਿਆ ਚਿੱਟਿਆ

ਰੰਗ ਦਿਆ ਚਿੱਟਿਆ ਤੇ ਦਿਲ ਦਿਆ ਕਾਲ਼ਿਆ।
ਮੇਰਾ ਤੂੰ ਪੰਜਾਬ ਬਿਨਾ ਦੰਦਾਂ ਤੋਂ ਹੀ ਖਾ ਲਿਆ।

ਦਮ ਘੁੱਟ ਮਾਰੀਆਂ ਤੂੰ ਡੌਲਿਆਂ 'ਚ ਮੱਛੀਆਂ।
ਕੀਰਨਿਆਂ, ਵੈਣਾਂ ਰੂਹਾਂ ਸਾਡੀਆਂ ਨੇ ਪੱਛੀਆਂ।
ਵੈਰੀਆ ਤੂੰ ਸਾਡੇ ਪਿੰਡ ਡੇਰਾ ਕਾਹਨੂੰ ਲਾ ਲਿਆ।
ਮੇਰਾ ਤੂੰ ਪੰਜਾਬ......

ਕਿੱਦਾਂ ਹੁਣ ਪੈਲਾਂ ਪਾਉਣ, ਪੱਟਾਂ ਉੱਤੇ ਮੋਰ ਵੀ।
ਫਿਰਦੀ ਗੁਆਚੀ ਇਹ ਜਵਾਨੀ ਭੁੱਲੀ ਤੋਰ ਵੀ।
ਸਾਡੇ ਪੁੱਤਾਂ ਧੀਆਂ ਨੂੰ ਤੂੰ ਚਾਟ ਉੱਤੇ ਲਾ ਲਿਆ।
ਮੇਰਾ ਤੂੰ ਪੰਜਾਬ.....

ਕਦੇ ਹਥਿਆਰ ਸਾਡੇ ਪੁੱਤਾਂ ਨੂੰ ਚੁਕਾਏਂ ਤੂੰ।
ਧਰਤੀ-ਧਕੇਲ ਯੋਧੇ, ਮੌਤ ਰਾਹੇ ਪਾਏਂ ਤੂੰ।
ਮਾਛੀਆ! ਤੂੰ ਜਾਲ਼ ਹੀ ਬਰੂਹਾਂ ਉੱਤੇ ਲਾ ਲਿਆ।
ਮੇਰਾ ਤੂੰ ਪੰਜਾਬ......

ਵੈਰ ਹੈ ਕਮਾਇਆ ਏਥੇ ਜ਼ਹਿਰ ਦੇ ਵਪਾਰੀਆਂ।
ਜੜ੍ਹ ਤੋਂ ਜਵਾਨੀ ਚੀਰੀ ਫੇਰ ਫੇਰ ਆਰੀਆਂ।
ਹਾਏ ਓ ਕੁਲਹਿਣਿਆ! ਦੁਪਹਿਰੇ ਦੀਵਾ ਬਾਲਿਆ।
ਮੇਰਾ ਤੂੰ ਪੰਜਾਬ......

ਰੰਗ ਦਿਆ ਚਿੱਟਿਆ ਤੇ ਦਿਲ ਦਿਆ ਕਾਲ਼ਿਆ।
ਮੇਰਾ ਤੂੰ ਪੰਜਾਬ ਬਿਨਾ ਦੰਦਾਂ ਤੋਂ ਹੀ ਖਾ ਲਿਆ।

●

ਪੁੱਤਰੋ ਪੰਜਾਬ ਦਿਉ

ਪੁੱਤਰੋ ਪੰਜਾਬ ਦਿਉ, ਬੋਲੀ ਨਾ ਵਿਸਾਰਿਉ।
ਆਪਣੇ ਹੀ ਪੈਰਾਂ ਤੇ ਕੁਹਾੜੀਆਂ ਨਾ ਮਾਰਿਉ।

ਪੁੱਤ ਹੋ ਲਿਆਕਤਾਂ ਦੇ ਮੇਰੇ ਪੰਜ ਪਾਣੀਉ।
ਵੇਦਾਂ ਦੇ ਰਚੇਤਾ ਤੁਸੀਂ ਸਮਿਆਂ ਦੇ ਹਾਣੀਉ।
ਵੈਰੀਆਂ ਦੇ ਹੱਲਿਆ ਤੋਂ ਵੇਖਿਉ ਨਾ ਹਾਰਿਉ।

ਆਪਣੀ ਜ਼ਬਾਨ ਵਿੱਚ ਬੰਦਾ ਸੌਖਾ ਸਿੱਖਦਾ।
ਓਪਰੀ ਜ਼ਬਾਨ ਜਿਵੇਂ ਆਟਾ ਹੋਵੇ ਭਿੱਖ ਦਾ।
ਸ਼ਬਦਾਂ ਸਹਾਰੇ ਪੜ੍ਹ ਜ਼ਿੰਦਗੀ ਸੰਵਾਰਿਉ।

ਮਿਸ਼ਰੀ ਤੋਂ ਮਿੱਠੀ ਬੋਲੀ ਵਰਗੀ ਜੇ ਮਾਂ ਨਹੀਂ।
ਓਸ ਘਰ ਆਉਂਦੀ ਕਦੇ ਚਾਵਾਂ ਵਾਲੀ ਛਾਂ ਨਹੀਂ।
ਵੇਖਿਓ ਕਮਾਈਆਂ ਕਦੇ ਜੂਏ 'ਚ ਨਾ ਹਾਰਿਓ।

ਕਾਹਦੀਆਂ ਕਮਾਈਆਂ ਧੀਆਂ ਪੁੱਤ ਜੇ ਗੁਆ ਲਏ।
ਘਰ ਘਾਟ ਛੱਡ ਅਸੀਂ ਕਿੱਥੇ ਮੰਜੇ ਡਾਹ ਲਏ।
ਦੂਜੇ ਦੀ ਪੁਆਂਦੀਂ ਕਦੇ ਬਹਿਣਾ ਨਾ ਪਿਆਰਿਉ।

ਪੁੱਤਰੋ ਪੰਜਾਬ ਦਿਉ, ਬੋਲੀ ਨਾ ਵਿਸਾਰਿਉ।
ਆਪਣੇ ਹੀ ਪੈਰਾਂ ਤੇ ਕੁਹਾੜੀਆਂ ਨਾ ਮਾਰਿਉ।

ਸਰਹੱਦਾਂ ਨਾ ਬਾਲਓਿ

ਸਰਹੱਦਾਂ ਨਾ ਬਾਲਿਉ, ਮਾਂ ਕਰੇ ਦੁਆਵਾਂ।
ਧਰਤੀ ਦੀ ਫ਼ਰਿਆਦ ਹੈ, ਕਦੇ ਬਲ਼ਣ ਨਾ ਛਾਵਾਂ।
ਮਿੱਟੀ ਖ਼ਾਤਰ ਅਮਨ ਚੈਨ ਨਾ ਭੱਠੀ ਪਾਇਉ।
ਹਾੜ੍ਹਾ ! ਵਤਨਾਂ ਵਾਲਿਉ, ਨਾ ਕਹਿਰ ਕਮਾਇਉ।

ਕਰੂ ਕਮਾਈਆਂ ਸੋਚਿਆ, ਪੁੱਤ ਗੱਭਰੂ ਕਰਕੇ।
ਸਰਹੱਦਾਂ ਵੱਲ ਤੋਰਿਆ, ਦਿਲ ਪੱਥਰ ਧਰ ਕੇ।
ਰੀਝਾਂ ਵਾਲੇ ਖੇਤ ਨਾ, ਹੁਣ ਕਬਰ ਬਣਾਇਉ।
ਹਾੜ੍ਹਾ! ਵਤਨਾਂ ਵਾਲਿਉ, ਨਾ ਕਹਿਰ ਕਮਾਇਉ।

ਸੱਜ ਵਿਆਹੀ ਨਾਰ ਦਾ, ਹਾਲੇ ਰੰਗਲਾ ਚੂੜਾ।
ਸੁੰਨਾ ਹਾਲੇ ਪਿਆ ਹੈ, ਘਰ ਪਲੰਘ ਪੰਘੂੜਾ।
ਸਿਰ ਫੁਲਕਾਰੀ ਓਸ ਦੀ, ਨਾ ਫਿੱਕੀ ਪਾਇਉ।
ਹਾੜ੍ਹਾ ! ਵਤਨਾਂ ਵਾਲਿਉ, ਨਾ ਕਹਿਰ ਕਮਾਇਉ।

ਰੱਤ ਪੀਣੀ ਇਸ ਡੈਣ ਦੀ ਹੈ ਨੀਅਤ ਖੋਟੀ।
ਅਸਲੇ ਅਤੇ ਬਾਰੂਦ ਦੀ ਇਹ ਖਾਵੇ ਰੋਟੀ।
ਜੰਗ ਮਸਲੇ ਦਾ ਹੱਲ ਨਾ, ਮੇਰੇ ਹਮਸਾਇਉ।
ਹਾੜ੍ਹਾ ! ਵਤਨਾਂ ਵਾਲਿਉ, ਨਾ ਕਹਿਰ ਕਮਾਇਉ।

ਖਾ ਜਾਂਦਾ ਜੰਗ ਰੌਣਕਾਂ ਦੇ ਘੁੰਮਦੇ ਪਹੀਏ।
ਚਹੁੰ ਜੰਗਾਂ ਦਾ ਸੇਕ ਤਾਂ ਹਾਲੇ ਤੱਕ ਸਹੀਏ।
ਅਮਨ ਚੈਨ ਦੀ ਰੀਸ ਨਾ, ਖ਼ੁਦ ਨੂੰ ਸਮਝਾਇਉ।
ਹਾੜ੍ਹਾ! ਵਤਨਾਂ ਵਾਲਿਉ, ਨਾ ਜੰਗਾਂ ਲਾਇਉ।
ਜੀਂਦੇ ਜੀਅ ਨਾ ਮਾਪਿਆਂ ਨੂੰ ਮਾਰ ਮੁਕਾਇਉ।

●

ਇਹ ਦੱਸੋ ਜੀ ਹੁਣ ਕੀ ਕਰੀਏ?

ਇਹ ਦੱਸੋ ਜੀ ਹੁਣ ਕੀ ਕਰੀਏ, ਕਿਸ ਚੱਪਣੀ ਦੇ ਵਿੱਚ ਡੁੱਬ ਮਰੀਏ,
ਪੈਰਾਂ ਵਿੱਚ ਪੈਣ ਜੰਜ਼ੀਰਾਂ ਕਿਉਂ, ਬਾਜ਼ਾਂ ਦੀਆਂ ਉੱਡਦੀਆਂ ਡਾਰਾਂ ਦੇ।
ਦੱਸੋ ਜੀ ਕਿੱਧਰ ਤੁਰ ਪਏ ਨੇ, ਰਾਖੇ ਕੰਡਿਆਲੀਆਂ ਤਾਰਾਂ ਦੇ।

ਧਰਤੀ ਦੇ ਪੁੱਤ ਲੱਜਪਾਲ ਜਿਹਾ, ਸਾਡਾ ਰਿਸ਼ਤਾ ਹੈ ਸੁਰਤਾਲ ਜਿਹਾ।
ਇਹ ਤਖ਼ਤ-ਨਸ਼ੀਨ ਨੂੰ ਕੌਣ ਕਹੇ, ਇਹ ਹੈ ਦਰਿਆ ਦੀ ਚਾਲ ਜਿਹਾ।
ਅਸੀਂ ਸ਼ਬਦ-ਸੁਰਾਂ ਦੇ ਸ਼ਹਿਜ਼ਾਦੇ, ਵਣਜਾਰੇ ਨਹੀਂ ਹਥਿਆਰਾਂ ਦੇ।

ਮਹਿਕਾਂ ਨੂੰ ਜੰਦਰੇ ਮਾਰੋ ਨਾ, ਹਾੜਾ ਉਇ ਕਹਿਰ ਗੁਜ਼ਾਰੋ ਨਾ।
ਅਸੀਂ ਪੱਛੋਂ ਤੇ ਪੁਰਵਈਆ ਹਾਂ, ਸਾਡੇ ਵਿੱਚ ਜ਼ਹਿਰ ਖ਼ਿਲਾਰੋ ਨਾ।
ਹੱਦਾਂ ਸਰਹੱਦਾਂ ਆਪਣੀ ਥਾਂ, ਅਸੀਂ ਸਿਰਨਾਵੇਂ ਹਾਂ ਪਿਆਰਾਂ ਦੇ।

ਇਹ ਕੈਸੀਆਂ ਲੀਕਾਂ ਵਾਹੀਆਂ ਨੇ, ਜੋ ਖ਼ੂਨ ਦੀਆਂ ਤ੍ਰਿਹਾਈਆਂ ਨੇ।
ਕਿਉਂ ਉਲਝੀਆਂ ਡੋਰਾਂ ਪਿਆਰ ਦੀਆਂ, ਸਾਡੇ ਗਲ਼ ਬਣੀਆਂ ਫਾਹੀਆਂ ਨੇ।
ਸ਼ੌਕਤ ਭਾਵੇਂ ਗੁਰਦਾਸਪੁਰੀ, ਕਦੇ ਗੀਤ ਸੁਣੋ ਫਨਕਾਰਾਂ ਦੇ।

ਅਸੀਂ ਪੌਣੀ ਸਦੀ ਗੁਜ਼ਾਰ ਲਈ, ਰੂਹ ਉੱਤੇ ਏਨਾ ਭਾਰ ਲਈ।
ਦਿੱਲੀ ਦਾ ਦਿਲ ਕਿਉਂ ਪਿਘਲੇ ਨਾ, ਕਿਉਂ ਕਦੇ ਲਾਹੌਰ ਨਾ ਸਾਰ ਲਈ।
ਕਿਉਂ ਵਰਕੇ ਪੜ੍ਹਦੇ ਰਹਿੰਦੇ ਹਾਂ, ਨਿੱਤ ਰੱਤ ਭਿੱਜੀਆਂ ਅਖ਼ਬਾਰਾਂ ਦੇ।
ਦੱਸੋ ਜੀ ਕਿੱਧਰ ਤੁਰ ਪਏ ਨੇ, ਰਾਖੇ ਕੰਡਿਆਲੀਆਂ ਤਾਰਾਂ ਦੇ।

❑

ਦੁੱਲਾ ਨਹੀਂ ਆਇਆ

ਅਜੇ ਵੀ ਦੁੱਲਾ ਵੀਰ ਉਡੀਕਦੀ ਹੈ
ਲਿੱਸੇ ਘਰ ਦੀ ਧੀ ਸੁੰਦਰੀ।
ਸੋਚਦੀ ਹੈ ਦੁੱਲਾ ਵੀਰ ਆਏਗਾ
ਮੁਗਲਾਂ ਤੋਂ ਛੁਡਾਏਗਾ।
ਤੰਦਾਤੀਰੀ ਝੋਲੀ ਵਿੱਚ
ਸੇਰ ਸ਼ੱਕਰ ਪਾਵੇਗਾ।
ਪਾਟਿਆ ਹੋਇਆ ਸੂਹਾ ਸਾਲੂ
ਸਿਰ ਤੇ ਟਿਕਾਏਗਾ।
ਡੋਲੀ ਚ ਬਿਠਾਏਗਾ।
ਪਰ ਹੁਣ ਘਰੋਂ ਬਾਹਰ
ਘੋੜਿਆਂ ਦੇ ਸੁੰਮਾਂ ਦੀਆਂ
ਟਾਪਾਂ ਦੀ ਆਵਾਜ਼ ਨਹੀਂ।
ਨਵੇਂ ਚੱਲੇ ਹੂਟਰ ਵੱਜਦੇ ਨੇ
ਦੁੱਲਾ ਨਹੀਂ, ਵੋਟਾਂ ਮੰਗਣ ਵਾਲੇ ਆਏ ਨੇ।

ਆਪਣੇ ਨਹੀਂ ਜਾਪਦੇ ਤੁਰਕਾਂ ਮੰਗੋਲਾਂ
ਅਬਦਾਲੀਆਂ ਦੇ ਵਾਂਗ ਹੀ
ਲੱਗਦਾ ਏ ਸਾਰੇ ਕਿਸੇ ਹੋਰ ਦੇਸੋਂ ਆਏ ਨੇ।

ਪਰ ਫ਼ਰੀਦ ਸ਼ਹੀਦ ਦਾ ਪੁੱਤਰ
ਦਾਦੇ ਸਾਂਦਲ ਦਾ ਪੋਤਰਾ
ਬਾਰ ਦਾ ਜਾਇਆ
ਜਿਸ ਤਖ਼ਤ ਲਾਹੌਰ ਨਿਵਾਇਆ।
ਅਕਬਰ ਨੂੰ ਨਾ ਸੀਸ ਝੁਕਾਇਆ।
ਅੱਗੋਂ ਸ਼ੀਸ਼ਾ ਕੱਢ ਵਿਖਾਇਆ।
ਜਿੰਨ੍ਹੇ ਧਰਤੀ ਦਾ ਧਰਮ ਨਿਭਾਇਆ
ਦੁੱਲਾ ਵੀਰਾ ਨਹੀਂ ਆਇਆ

●

ਅਲੋਕਾਰ ਬਾਤ, ਕੇਹੀ ਰਾਤ ਕਮਜ਼ਾਤ

ਅਲੋਕਾਰ ਬਾਤ, ਕੇਹੀ ਰਾਤ ਕਮਜ਼ਾਤ, ਜਿਸ,
ਚੰਗੇ ਭਲੇ ਵੱਸਦੇ ਸਾਂ ਧੱਕ 'ਤੇ ਸਵਾਲੀਆਂ 'ਚ।
ਧਰਤੀ ਲਕੀਰਾਂ ਮਾਰ, ਕੀਤਾ ਸਾਨੂੰ ਤਾਰ ਤਾਰ,
ਸਹਿਮੇ ਸਹਿਮੇ ਫੁੱਲ, ਜਾਨ ਮੁੱਕ ਚੱਲੀ ਡਾਲੀਆਂ ’ਚ।

ਬਾਗ ਤੇ ਬਗੀਚਿਆਂ ਨੂੰ ਆਪ ਕਰੇ ਤਹਿਸ ਨਹਿਸ,
ਕਿਹੜਾ ਭਾਈ ਗਿਣੂ ਐਸੇ ਬੰਦਿਆਂ ਨੂੰ ਮਾਲੀਆਂ ’ਚ।
ਦਾਣਾ ਨਾ ਉਗਾਇਆ ਜਿਸ, ਸੂਈ ਨਾ ਬਣਾਈ ਘੜੀ,
ਅੱਠੇ ਪਹਿਰ ਰਹੇ ਗਲਤਾਨ ਜੋ ਦਲਾਲੀਆਂ, ਚ।

ਐਸਾ ਸੁਲਤਾਨ, ਜੀਹਦਾ ਦੀਨ ਨਾ ਈਮਾਨ ਸੁੱਚਾ,
ਲੋਕ ਹਿਤਾਂ ਬਿਨਾ ਰਹੇ ਹੋਰ ਹੀ ਖਿਆਲੀਆਂ 'ਚ।
ਕੱਲ੍ਹ ਰਾਤੀਂ ਸੁਣੀ ਏਦਾਂ ਤੁਰੇ ਜਾਂਦੇ ਬੰਦਿਆ ਤੋਂ,
ਕਰਦੇ ਸੀ ਖੇਤਾਂ ਵਾਲੇ ਗੱਲਾਂ ਇਹ ਟਰਾਲੀਆਂ 'ਚ।

ਜੋਸ਼ ਨਾਲ ਹੋਸ਼ ਭਰੋ, ਧੀਉ ਪੁੱਤੋ, ਖੁੰਝਣਾ ਨਾ,
ਸਿਰ ਦਸਤਾਰਾਂ ਅਤੇ ਚੁੰਨੀਆਂ ਨਿਰਾਲੀਆਂ 'ਚ।
ਬਦਲੇ ਦੀ ਗੱਲ ਜਿਹੜਾ ਸਾਡੇ ਮੱਥੇ ਬੀਜਦਾ ਹੈ,
ਕਦੇ ਵੀ ਨਾ ਪੀਣਾ ਜ਼ਹਿਰ ਐਸੀਆਂ ਪਿਆਲੀਆਂ 'ਚ।

ਆਖ ਦਿਉ ਬਾਜ ਆਵੇ ਐਸੀਆਂ ਸ਼ਰਾਰਤਾਂ ਤੋਂ,
ਹੁੰਦੀ ਨਹੀਂ ਈਮਾਨਦਾਰੀ, ਇਹੋ ਜਹੇ ਪਲਾਲੀਆਂ 'ਚ।
ਅੱਗ ਲਾ ਕੇ ਪਹਿਲਾਂ ਵੀ ਤਾਂ, ਡੱਬੂ ਕੰਧੀਂ ਬੈਠ ਗਏ ਸੀ,
ਉਹੀ ਸੇਕ ਕਾਇਮ ਅਜੇ, ਸਿਵੇ ਅੱਗਾਂ ਬਾਲੀਆਂ 'ਚ।

ਦਸ ਗੁਰੂ ਸਾਹਿਬ ਸਣੇ ਦੁੱਲਾ, ਬੁੱਲ੍ਹਾ, ਬੋਲਦੇ ਨੇ,
ਨੂਰ ਪ੍ਰਕਾਸ਼ ਹੋਇਆ, ਤਾਂਹੀਂਉਂ ਹਾਲ਼ੀ ਪਾਲ਼ੀਆਂ 'ਚ।

ਸਾਬਰੀ ਸਬੂਰੀ ਮਿੱਸੀ, ਸਿਦਕਾਂ ਦੇ ਸੇਕ ਨਾਲ,
ਦੇਂਦੀਆਂ ਪਕਾ ਕੇ ਮਾਵਾਂ, ਬੱਚਿਆਂ ਨੂੰ ਥਾਲ਼ੀਆਂ 'ਚ।

ਥੋੜੀ ਕੀਤੇ ਟੁੱਟਦੇ ਨਾ, ਭੁਰਦੇ ਨਾ ਭੋਰਾ ਵੀ ਉਹ,
ਹਾੜ੍ਹ ਸਾੜੇ ਚੰਮ ਜੀਹਦਾ, ਪਲ਼ੇ ਮੰਦਹਾਲੀਆਂ 'ਚ।
ਸੰਨ ਸੰਤਾਲੀ ਵੇਲੇ ਲੱਕੋਂ ਚੀਰੇ, ਫੇਰ ਉੱਗੇ,
ਇੱਕੋ ਹੀ ਤਾਸੀਰ ਹੈ ਪੰਜਾਬੀਆਂ ਬੰਗਾਲੀਆਂ 'ਚ।

ਜਾਬਰਾਂ ਨੂੰ ਦੱਸ ਦੇਣਾ, ਸਮਾਂ ਸਭ ਵੇਖਦਾ ਹੈ,
ਏਸੇ ਦੇ ਗੀਤ, ਲੋਕਾਂ ਗਾਉਣੇ ਨੇ ਕੱਵਾਲੀਆਂ 'ਚ।
ਪਾਟੀਆਂ ਬਿਆਈਆਂ ਵਾਲੇ ਪੈਰ ਨੇ ਫੌਲਾਦ ਪੂਰੇ,
ਸੂਹੇ ਅੰਗਿਆਰ ਵੇਖ ਅੱਖਾਂ ਦੀਆਂ ਲਾਲੀਆਂ 'ਚ।

ਆਉਂਦੀ ਏ ਵੰਗਾਰ ਜਦੋਂ, ਹੱਸ ਪ੍ਰਵਾਨ ਕੀਤੀ,
ਪੜ੍ਹ ਲੈ ਬਿਆਨ ਸਾਡੇ ਚਿਹਰੇ ਦੀਆਂ ਲਾਲੀਆਂ 'ਚ।
ਧਰਤੀ ਦੇ ਪੁੱਤ ਅਸੀਂ ਸੁਤ ਦਸਮੇਸ਼ ਜੀ ਦੇ,
ਸਾਡਾ ਸਿਰਨਾਵਾਂ ਮਿਲੂ ਘਾਲਣਾਵਾਂ ਘਾਲੀਆਂ 'ਚ।
●

ਗ਼ਜ਼ਲ

ਤੋੜੇਂ ਦਿਲ ਦੀ ਤਾਰ ਬੇਲੀਆ।
ਏਦਾਂ ਤਾਂ ਨਾ ਮਾਰ ਬੇਲੀਆ।

ਤੇਰਾ ਨਾਮ ਨਿਰੰਤਰ ਆਵੇ,
ਦੋ ਸਾਹਾਂ ਵਿਚਕਾਰ ਬੇਲੀਆ।

ਤੇਰੀ ਅੱਖ ਦਾ ਅੱਥਰੂ ਮੇਰੇ,
ਦਿਲ ਦੇ ਉੱਤੇ ਭਾਰ ਬੇਲੀਆ।

ਇਸ ਟਾਹਣੀ ਤੇ ਬਹਿੰਦੀ, ਕਿਉਂ ਨਾ,
ਹੁਣ ਕੂੰਜਾਂ ਦੀ ਡਾਰ ਬੇਲੀਆ।

ਏਨਾ ਵੀ ਕੀ ਚੇਤਾ ਮਾੜਾ,
ਭੁੱਲਿਓਂ ਕੌਲ-ਕਰਾਰ ਬੇਲੀਆ।

ਬਿਜਲੀ ਵਾਂਗੂੰ ਕੜਕ ਡਰਾਵੇ,
ਚਾਂਦੀ ਰੰਗੀ ਤਾਰ ਬੇਲੀਆ।

ਦੂਰ ਦੇਸ ਪ੍ਰਦੇਸ ਗੁਆਚਾ,
ਮੇਰਾ ਕ੍ਰਿਸ਼ਨ ਮੁਰਾਰ ਬੇਲੀਆ।

ਬਿਨਾਂ ਵਕੀਲੋਂ ਹੋਣ ਫ਼ੈਸਲੇ,
ਦਿਲ ਦਾ ਇਹ ਦਰਬਾਰ ਬੇਲੀਆ।

●

❑

ਗ਼ਜ਼ਲ

ਸੁਣ ਜਾ ਮੇਰੀ ਬਾਤ ਮਹਿਰਮਾ।
ਖਾ ਨਾ ਜਾਵੇ ਰਾਤ ਮਹਿਰਮਾ।

ਰਾਤ ਹਨੇਰ੍ਹੀ, ਅੰਬਰ ਜੀਕੂੰ,
ਤਾਰਿਆਂ ਭਰੀ ਪਰਾਤ ਮਹਿਰਮਾ।

ਤੇਰੇ ਮਗਰੋਂ ਪੱਥਰ ਹੋਏ,
ਮੇਰੇ ਵੀ ਜਜ਼ਬਾਤ ਮਹਿਰਮਾ।

ਤੇਰੇ ਨਾਂ ਦੇ ਹਰਫ਼ ਲਿਖਦਿਆਂ,
ਮੁੱਕੀ ਕਲਮ ਦਵਾਤ ਮਹਿਰਮਾ।

ਪੀਲੇ ਪੱਤਰ ਸਾਂਝਾਂ ਕਿੱਥੇ,
ਮੌਸਮ ਦੀ ਸੌਗਾਤ ਮਹਿਰਮਾ।

ਕਿਣਮਿਣ ਅੱਖਾਂ ਵਹਿਣ ਨਿਰੰਤਰ,
ਤੂੰ ਆਖੇਂ ਬਰਸਾਤ ਮਹਿਰਮਾ।

ਕੱਲ ਮੁ ਕੱਲ੍ਹੀ ਭੁੱਜੀ ਛੱਲੀ,
ਮੈਂ ਤੇ ਮੇਰੀ ਜ਼ਾਤ ਮਹਿਰਮਾ।

●

❑

ਗ਼ਜ਼ਲ

ਜਾਗੋ ਮੀਟੀ ਦੇ ਵਿਚ ਕੀ ਕੀ ਕਹਿ ਗਏ ਆਂ।
ਕੰਧ ਓਹਲੇ ਪ੍ਰਦੇਸ ਬਣਾ ਕੇ ਬਹਿ ਗਏ ਆਂ।

ਚਾਰ ਦੀਵਾਰੀ ਕਰਕੇ ਕਿਰਚਾਂ ਗੱਡ ਲਈਆਂ,
ਘਰ ਦੇ ਅੰਦਰ ਕੈਦੀ ਬਣ ਕੇ ਰਹਿ ਗਏ ਆਂ।

ਜੀਭਾਂ ਦੀ ਜੰਗ ਲੈ ਕੇ ਆਈ ਕਿੱਥੋਂ ਤੀਕ,
ਇੱਕ ਦੂਜੇ ਦੀ ਨਜ਼ਰੋਂ ਥੱਲੇ ਲਹਿ ਗਏ ਆਂ।

ਮਾਂ ਦੀ ਹਿੱਕ ਤੇ ਗੈਰ ਲਕੀਰਾਂ ਮਾਰ ਗਿਆ,
'ਧਰਮੀ ਪੁੱਤਰ' ਏਸ ਜ਼ੁਲਮ ਨੂੰ ਸਹਿ ਗਏ ਆਂ।

ਲਾਲੀ ਤੇ ਹਰਿਆਲੀ ਭਸਮ ਕਰਾ ਬੈਠੇ,
ਮਾਣ ਹਵਾ ਦੇ, ਬਾਂਸਾਂ ਵਾਂਗੂੰ ਖਹਿ ਗਏ ਆਂ।

ਸ਼ਬਦਾਂ ਦਾ ਸੰਸਾਰ, ਹਕੀਕਤ ਸਮਝ ਲਿਆ,
ਗੱਲਾਂ ਕਰ ਕਰ, ਗੱਲਾਂ ਜੋਗੇ ਰਹਿ ਗਏ ਆਂ।

ਆਪਣੇ ਨਾਲ ਲੜਾਈ ਲੜਨੀ ਖੇਡ ਨਹੀਂ,
ਹਰ ਵਾਰੀ ਹੀ ਆਪਣੇ ਹੱਥੀਂ ਢਹਿ ਗਏ ਆਂ।

●

❑

ਗ਼ਜ਼ਲ

ਇਹ ਕੰਡਿਆਲੀ ਤਾਰ ਦੋਸਤੋ।
ਲੰਘੇ ਦਿਲ 'ਚੋਂ ਪਾਰ ਦੋਸਤੋ।

ਸੂਰਜ, ਧਰਤੀ, ਅੰਬਰ, ਤਾਰੇ,
ਇਹ ਮੇਰਾ ਪਰਿਵਾਰ ਦੋਸਤੋ।

ਸ਼ਬਦਾਂ ਦੀ ਰਖਵਾਲੀ ਖ਼ਾਤਰ,
ਕਲਮ ਮੇਰਾ ਹਥਿਆਰ ਦੋਸਤੋ।

ਜਾਬਰ ਅੱਗੇ ਨਾਬਰ ਕਿਉਂਕਿ,
ਮੈਂ ਤਾਂ ਖ਼ੁਦ ਸਿਰਦਾਰ ਦੋਸਤੋ।

ਲਿਖਤਾਂ ਵਿਚ ਜਿਉਣਾ ਚਾਹਾਂ,
ਜੋ ਮੇਰਾ ਕਿਰਦਾਰ ਦੋਸਤੋ।

ਕੱਕਰ ਪੱਤੇ ਝਾੜ ਲਏ ਜੇ,
ਆਉਂਦੀ ਫੇਰ ਬਹਾਰ ਦੋਸਤੋ।

ਖੁਸ਼ਬੋਈ ਦਾ ਮੈਂ ਵਣਜਾਰਾ,
ਦਿਲ ਉੱਤੇ ਨਹੀਂ ਭਾਰ ਦੋਸਤੋ।

ਉਸਨੂੰ ਜਿੱਤ ਮਜ਼ਾ ਨਾ ਦੇਵੇ,
ਜਿਸ ਨਾ ਖਾਧੀ ਹਾਰ ਦੋਸਤੋ।

ਕੁੱਲ ਧਰਤੀ ਨੂੰ ਆਉ ਲਈਏ,
ਦੋ ਬਾਹਾਂ ਵਿਚਕਾਰ ਦੋਸਤੋ।

●

ਗ਼ਜ਼ਲ

ਵਗਦਾ ਦਰਿਆ ਓਸ ਕੰਢੇ ਸਾਰੇ ਖੰਡਰ ਯਾਦ ਨੇ।
ਬਚਪਨੇ ਵਿਚ ਜੋ ਉਸਾਰੇ ਕਾਗ਼ਜ਼ੀ ਘਰ ਯਾਦ ਨੇ।

ਇੱਕ ਦਰਿਆ ਪਾਰ ਕਰਕੇ ਦੂਸਰੇ ਕੰਢੇ ਖਲੋ,
ਪਰਤਦੇ ਯਾਰਾਂ ਦੀਆਂ ਅੱਖਾਂ ਤੇ ਅੱਥਰ ਯਾਦ ਨੇ।

ਚਰਖ਼ੜੀ ਤੇ ਰਾਤ ਦਿਨ ਬੇਸ਼ੱਕ ਅਸਾਡਾ ਬੀਤਿਆ,
ਨਿੱਕੇ ਨਿੱਕੇ ਚਾਅ ਕੁਆਰੇ ਹਾਲੇ ਤੀਕਰ ਯਾਦ ਨੇ।

ਪਹਿਲੇ ਖ਼ਤ ਤੋਂ ਬਾਅਦ ਭਾਵੇਂ ਤੂੰ ਕਦੇ ਲਿਖਿਆ ਨਹੀਂ,
ਉਹ ਪੁਰਾਣੇ ਜਗਦੇ ਬੁਝਦੇ, ਸਾਰੇ ਅੱਖਰ ਯਾਦ ਨੇ।

ਦੋਸਤਾਂ ਦੇ ਕੀਮਤੀ ਤੋਹਫ਼ੇ ਮੈਂ ਕਿੱਦਾ ਭੁੱਲ ਜਾਂ,
ਤਾਅਨੇ, ਮਿਹਣੇ, ਤੁਹਮਤਾਂ ਸਾਰੇ ਹੀ ਨਸ਼ਤਰ ਯਾਦ ਨੇ।

ਸ਼ਹਿਰ ਦੇ ਜ਼ੰਗਾਲ ਨੇ ਰੂਹਾਂ ਨੂੰ ਭਾਵੇਂ ਖਾ ਲਿਆ,
ਛੋਲਿਆਂ ਦੇ ਖੇਤ ਨੂੰ ਚੁਗਦੇ ਕਬੂਤਰ ਯਾਦ ਨੇ।

ਡੇਰਾ ਬਾਬਾ ਨਾਨਕੋਂ* ਕੋਠੇ ਤੇ ਚੜ੍ਹ ਕੇ ਦਿਸਣ ਜੋ,
ਜਿਸਮ ਨਾਲੋਂ ਕਤਰ ਕੇ ਸੁੱਟੇ ਗਏ ਪਰ ਯਾਦ ਨੇ।

●

*ਸਾਡੇ ਵਰਤਮਾਨ ਪਿੰਡ ਬਸੰਤਕੋਟ (ਗੁਰਦਾਸਪੁਰ) ਤੋਂ ਨਿੱਦੋ ਕੇ (ਨਾਰੋਵਾਲ) ਬਿਲਕੁਲ ਐਨ ਵਿਚਕਾਰਲਾ ਨਿੱਕਾ ਜਿਹਾ ਸ਼ਹਿਰ, ਜਿੱਥੋਂ ਦੇ ਗੁਰਦੁਆਰਾ ਸਾਹਿਬ ਦੇ ਬੁਰਜਾਂ ਤੇ ਚੜ੍ਹ ਕੇ ਬਚਪਨ ਵੇਲੇ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਸਾਂ।

❑

ਗ਼ਜ਼ਲ

ਗੁਆਚਾ ਫਿਰ ਰਿਹਾਂ ਦੱਸੋ ਮੇਰਾ ਘਰ ਬਾਰ ਕਿੱਥੇ ਹੈ ?
ਮੈਂ ਜਿਸ ਤੋਂ ਨਿੱਖੜਿਆਂ ਉਹ ਪੰਛੀਆਂ ਦੀ ਡਾਰ ਕਿੱਥੇ ਹੈ ?

ਮੈਂ ਗੂੜ੍ਹੀ ਨੀਂਦ ਵਿਚੋਂ ਜਾਗਿਆਂ ਮੈਨੂੰ ਵਿਖਾਓ ਤਾਂ,
ਮੈਂ ਜਿਹੜਾ ਸੁਪਨਿਆਂ ਵਿਚ ਸਾਜਿਆ ਸੰਸਾਰ ਕਿੱਥੇ ਹੈ ?

ਮੈਂ ਨਾਨਕ ਦਾ ਰਬਾਬੀ ਹਾਂ, ਭਰਾਓ ਮੈਂ ਪੰਜਾਬੀ ਹਾਂ,
ਲਿਆਓ ਜੋੜ ਕੇ ਦੇਵਾਂ ਉਹ ਟੁੱਟੀ ਤਾਰ ਕਿੱਥੇ ਹੈ।

ਤੁਸੀਂ ਜਿਸ ਤੇ ਚੜ੍ਹਾਉਣਾ ਸੀ ਤੇ ਉਸਨੇ ਮੁਸਕਰਾਉਣਾ ਸੀ,
ਮਸੀਹਾ ਲੱਭਦਾ ਫਿਰਦੈ ਭਲਾ ਉਹ ਦਾਰ ਕਿੱਥੇ ਹੈ ?

ਇਹ ਮੇਰਾ ਸਾਜ਼ ਹੈ, ਆਵਾਜ਼ ਹੈ, ਪਰਵਾਜ਼ ਵੀ ਵੇਖੋ,
ਤੇ ਫਿਰ ਦੱਸੋ ਕਿ ਇਸ ਤੋਂ ਵਧ ਖਰਾ ਹਥਿਆਰ ਕਿੱਥੇ ਹੈ ?

ਮੈਂ ਮੋਏ ਪੁੱਤਰਾਂ ਨੂੰ ਗਿਣਦਿਆਂ ਖ਼ੂੰਖਾਰ ਨਾ ਬਣ ਜਾਂ,
ਲਿਆਉ ਪਾੜ ਦੇਵਾਂ ਅੱਜ ਦਾ ਅਖ਼ਬਾਰ ਕਿੱਥੇ ਹੈ ?

ਮੈਂ ਕਿੱਧਰ ਜਾ ਰਿਹਾਂ, ਵੇਖੋ, ਮੇਰਾ ਅਗਲਾ ਪੜਾਅ ਕਿੱਥੇ,
ਭਟਕਦੀ ਰੂਹ ਦਾ ਇਸ ਯੁਗ 'ਚ ਇਤਬਾਰ ਕਿੱਥੇ ਹੈ ?

●

ਗ਼ਜ਼ਲ

ਅੱਖਾਂ ਵਿੱਚੋਂ ਨੀਂਦਰਾਂ ਤੇ ਖ਼੍ਵਾਬ ਰੁੱਸ ਗਏ ਨੇ।
ਮਨ ਦੇ ਬਗੀਚਿਓਂ ਗੁਲਾਬ ਰੁੱਸ ਗਏ ਨੇ।

ਕਿੱਥੇ ਗਈਆਂ ਰੌਣਕਾਂ ਨਾ ਪੁੱਛੋ ਮੈਨੂੰ ਬਾਰ ਬਾਰ,
ਜਾਣਦੇ ਨਹੀਂ ਮੇਰੇ ਤਾਂ ਜਨਾਬ ਰੁੱਸ ਗਏ ਨੇ।

ਪਿੰਡ ਵਾਲੇ ਪੁੱਛਦੇ ਨੇ ਫੇਰ ਕਦੋਂ ਆਏਂਗਾ,
ਸ਼ਹਿਰ ਵਿਚ ਰਹਿੰਦਿਆਂ ਜਵਾਬ ਰੁੱਸ ਗਏ ਨੇ।

ਰਾਵੀ ਤੇ ਬਿਆਸ ਮੈਨੂੰ ਕਈ ਵਾਰੀ ਪੁੱਛਿਆ,
ਕਿਹੜੀ ਗੱਲੋਂ ਦੋਵੇਂ ਹੀ ਪੰਜਾਬ ਰੁੱਸ ਗਏ ਨੇ।

ਪੱਛਮੀ ਸੰਗੀਤ ਦੇ ਤੰਬੂਰਿਆਂ ਤੋਂ ਸਹਿਮ ਕੇ,
ਤੂੰਬੀ ਵਾਲੀ ਤਾਰ ਤੇ ਰਬਾਬ ਰੁੱਸ ਗਏ ਨੇ।

ਮੰਨਿਆ ਹਕੂਮਤਾਂ ਦਾ ਆਪੋ ਵਿਚ ਵੈਰ ਹੈ,
ਤੇਰੇ ਕਾਹਤੋਂ ਵੀਰਨਾ ਆਦਾਬ ਰੁੱਸ ਗਏ ਨੇ।

ਵੰਝਲੀ ਨੂੰ ਪੁੱਛ ਖਾਂ ਭਰਾਵਾ ਮੀਆਂ ਰਾਂਝਿਆ,
ਕਿਹੜੀ ਗੱਲੋਂ ਜੇਹਲਮ ਚਨਾਬ ਰੁੱਸ ਗਏ ਨੇ।

❑

ਗ਼ਜ਼ਲ

ਰੋਕੋ ਵਗਣੋਂ ਇਸ ਧਰਤੀ ਤੋਂ ਤਲਖ਼ ਹਵਾਵਾਂ ਨੂੰ।
ਭੁੱਲ ਨਾ ਜਾਵੇ ਜਾਚ ਵਗਣ ਦੀ ਪੰਜ ਦਰਿਆਵਾਂ ਨੂੰ।

ਵਰ੍ਹਦੀ ਅੱਗ ਦਾ ਮੌਸਮ, ਅੰਬਰੀਂ ਪੌਣ ਪਰਿੰਦੇ ਵੀ,
ਖੰਭਾਂ ਵਿਚ ਲੁਕਾ ਬੈਠੇ ਨੇ, ਅੱਥਰੇ ਚਾਵਾਂ ਨੂੰ।

ਤਪਦੀ ਧਰਤੀ ਸਵਾਂਤ ਬੂੰਦ ਨੂੰ ਤਰਸ ਰਹੀ ਚਿਰ ਤੋਂ,
ਕਿੱਥੋਂ ਮੋੜ ਲਿਆਵਾਂ ਮੈਂ ਘਨਘੋਰ ਘਟਾਵਾਂ ਨੂੰ।

ਵੈਣ, ਕੀਰਨੇ, ਅੱਥਰੂ ਸਾਡੇ ਪਿੰਡ ਮਹਿਮਾਨ ਬਣੇ,
ਛਾਂਗ ਲਿਆ ਮੌਸਮ ਨੇ ਸਿਰ ਤੋਂ ਠੰਢੀਆਂ ਛਾਵਾਂ ਨੂੰ।

ਸ਼ਹਿਰ ਦੀਆਂ ਸੜਕਾਂ ਤੇ ਤੁਰਦਾ ਤੁਰਦਾ ਭੁਰ ਚੱਲਿਆਂ,
ਜਦ ਤੋਂ ਛੱਡਿਆ ਪਗਡੰਡੀਆਂ ਤੇ ਕੱਚਿਆਂ ਰਾਹਵਾਂ ਨੂੰ।

ਸ਼ਹਿਰ ਸਮੁੰਦਰ ਦੇ ਵਿਚ ਖ਼ਾਰਾ ਪਾਣੀ ਬਹੁਤ ਖੜ੍ਹਾ,
ਚੂਲ਼ੀ ਖ਼ਾਤਰ ਜਾਣਾ ਪੈਂਦੈ ਪਿੰਡਾਂ ਥਾਵਾਂ ਨੂੰ।

ਆਪਣੀ ਮਿੱਟੀ ਨਾਲੋਂ ਟੁੱਟ ਕੇ ਧੂੜ 'ਚ ਭਟਕ ਰਿਹਾਂ,
ਕਿੱਸਰਾਂ ਦੋਸ਼ ਦਿਆਂ ਮੈਂ ਹੁਣ ਕੰਬਖ਼ਤ ਹਵਾਵਾਂ ਨੂੰ।

●

ਗ਼ਜ਼ਲ

ਅੱਧੀ ਰਾਤੀਂ ਜਾਗ ਕੇ, ਮੈਨੂੰ 'ਵਾਜਾਂ ਮਾਰਦੇ।
ਸੁਪਨੇ ਜਿਉਂ ਹਿਰਨੋਟੜੇ, ਦੁੱਲੇ ਵਾਲੀ ਬਾਰ ਦੇ।

ਬਾਬਰ ਜਾਬਰ ਮਰ ਗਿਆ, ਜਹਾਂਗੀਰ ਕੀਹ ਕਰ ਗਿਆ,
ਜ਼ਾਲਮ ਔਰੰਗਜ਼ੇਬ ਤੋਂ, ਆਪਾਂ ਤਾਂ ਨਹੀਂ ਹਾਰਦੇ।

ਉਸਨੂੰ ਕੋਈ ਨਾ ਮਾਰਦਾ, ਆਪੇ ਜਾਵੇ ਹਾਰਦਾ,
ਜਿਹੜਾ ਬੰਦਾ ਦੱਬਿਆ, ਥੱਲੇ ਰੂਹ ਦੇ ਭਾਰ ਦੇ।

ਜਾਪਣ ਵਾਜਾਂ ਮਾਰਦੇ, ਬਾਬੇ ਦਾਦੇ ਵਾਂਗਰਾਂ,
ਬਿਰਖ ਬਰੂਟੇ ਵੇਖਦਾਂ, ਜਦ ਵੀ ਰਾਵੀ ਪਾਰ ਦੇ।

ਮਨ ਦੇ ਬੇਲੇ ਰੇਸ਼ਮਾਂ, ਸਾਹੀਂ ਸ਼ੌਕਤ ਮਹਿਕਦਾ,
ਬੋਲ ਮਲੰਗੀ ਵਾਲੜੇ, ਰੂਹ ਮੇਰੀ ਨੂੰ ਠਾਰਦੇ।

ਪਾਰ ਝਨਾਉਂ ਰਹਿੰਦੀਆਂ, ਹੀਰਾਂ ਰੋ ਰੋ ਕਹਿੰਦੀਆਂ,
ਦਿਲ ਦੇ ਜਾਨੀ ਰਾਂਝਣੇ, ਹੁਣ ਕਿਉਂ ਜਾਨੋਂ ਮਾਰਦੇ।

ਇੰਟਰਨੈੱਟ ਨਾ ਜਾਣਦੇ, ਨਾ ਇਹ ਫ਼ੋਨ ਪਛਾਣਦੇ,
ਆਉਂਦੇ ਪਾਰ ਸਮੁੰਦਰੋਂ, ਪੰਛੀ ਰੂਹ ਦੀ ਡਾਰ ਦੇ।

❑

ਗ਼ਜ਼ਲ

(ਸਵਾਤ ਘਾਟੀ ਦੀ ਗਾਇਕਾ ਸ਼ਬਾਨਾ ਦੇ ਨਾਂ ਜਿਸ ਨੂੰ ਗਾਉਣ ਤੇ ਨੱਚਣ ਬਦਲੇ ਕਤਲ ਕੀਤਾ ਗਿਆ ਸੀ।)

ਮੌਤ ਹੱਥੋਂ ਹੋ ਰਿਹਾ ਏ ਜ਼ਿੰਦਗੀ ਦਾ ਇਮਤਿਹਾਨ।
ਹੋਰ ਕਿਸ ਨੂੰ ਆਖਦੇ ਨੇ ਨਰਕ, ਦੱਸੋ ਮਿਹਰਬਾਨ।

ਬੋਲਦਾ ਕੋਈ ਨਹੀਂ, ਨਾ ਚੀਖ਼ ਸੁਣਦੀ ਹੈ ਕਿਤੇ,
ਜੀਭ ਨੂੰ ਤੰਦੂਆ ਕਿਉਂ ਹੈ, ਕੁੱਲ ਆਲਮ ਬੇ ਜ਼ਬਾਨ।

ਧਰਮ ਤੇ ਇਖ਼ਲਾਕ ਦੋਵੇਂ ਅਰਥਹੀਣੇ ਹੋ ਗਏ,
ਅਰਥ ਮਨਮਰਜ਼ੀ ਦੇ ਕਰਕੇ, ਦੱਸਦੈ ਸਾਨੂੰ ਸ਼ੈਤਾਨ।

ਤਿਤਲੀਆਂ ਨੂੰ ਖੰਭ ਫੜਕਣ ਦੀ ਮਨਾਹੀ ਕਰ ਦਿਉ,
ਇਹ ਭਲਾ ਕਿਹੜੀ ਸ਼ਰੀਅਤ, ਇਹ ਭਲਾ ਕਿਹੜਾ ਵਿਧਾਨ।

ਨੂੜ ਕੇ ਬਾਹਾਂ ਤੇ ਲੱਤਾਂ, ਕੋੜਿਆਂ ਦੀ ਮਾਰ ਹੇਠ,
ਮੂਧੜੇ ਮੂੰਹ ਧਰਤ ਉੱਤੇ, ਸਹਿਕਦੀ ਮਾਸੂਮ ਜਾਨ।

ਕਿਹੜਿਆਂ ਮਦਰੱਸਿਆਂ ਤੋਂ ਨਾਗ ਪੜ੍ਹਕੇ ਆਏ ਨੇ,
ਡੰਗਦੇ ਧੀਆਂ ਤੇ ਭੈਣਾਂ, ਇਹ ਅਨੋਖੇ ਤਾਲਿਬਾਨ।

ਕੁੱਲ ਆਲਮ ਘੂਕ ਸੁੱਤਾ, ਜ਼ੁਲਮ ਹੁੰਦਾ ਵੇਖ ਕੇ,
ਜ਼ੁਲਮ ਕਰਨਾ, ਸਹਿਣਾ ਕਰਨਾ, ਕੁਫ਼ਰ ਹੈ ਦੱਸੇ ਕੁਰਾਨ।

●

❑

ਗ਼ਜ਼ਲ

ਜੋ ਮਨੁੱਖੀ ਜਾਨ ਲੈਂਦਾ, ਓਸ ਨੂੰ ਸਮਝੋ ਹੈਵਾਨ।
ਦੇਸ਼ ਭਗਤੋ, ਖ਼ੁਦ ਪ੍ਰਸਤੋ, ਕਰ ਦਿਓ ਫੌਰੀ ਐਲਾਨ।

ਤਰਕ ਬੁੱਧੀ ਨੂੰ ਸੰਭਾਲੋ, ਫਿਰ ਨਿਸ਼ਾਨਾ ਸੇਧਿਓ,
ਤੀਰ ਤੰਦੀ ਚਾੜ੍ਹ ਰੱਖੋ, ਅਕਲ ਦੀ ਕੱਸ ਕੇ ਕਮਾਨ।

ਕਤਲਗਾਹ ਵਿਚ ਕਾਤਲਾਂ ਨੂੰ ਇਹ ਸੁਨੇਹਾ ਦੇ ਦਿਓ,
ਮਰਨ ਮਾਰਨ ਤੋਂ ਅਗਾਂਹ ਹੈ, ਜ਼ਿੰਦਗੀ ਕਬਰਾਂ ਸਮਾਨ।

ਇਹ ਭੁਲੇਖਾ ਦੂਰ ਕਰਨਾ ਵੀ ਤਾਂ ਸਾਡਾ ਧਰਮ ਹੈ,
ਜ਼ਿੰਦਗੀ ਨੂੰ ਮਸਲ ਸਕਦਾ ਨਾ ਕਦੇ ਕੋਈ ਸ਼ੈਤਾਨ।

ਤੂੰ ਖ਼ੁਦਾਈ ਰਹਿਮਤਾਂ ਨੂੰ, ਜ਼ਹਿਮਤਾਂ 'ਚੋਂ ਢੂੰਡ ਨਾਂਹ,
ਸਾਬਰਾਂ ਤੇ ਜਬਰ ਕਰਨਾ, ਹੈ ਭਲਾ ਕਿਹੜਾ ਈਮਾਨ।

ਏਸ ਧਰਤੀ ਨੂੰ ਸਿਖਾਓ, ਮਹਿਕਦੇ ਜੀਵਨ ਦਾ ਗੀਤ,
ਜ਼ਰਦ ਹੋਠਾਂ ਤੇ ਟਿਕਾਉ ਫੇਰ ਤੋਂ ਵੰਝਲੀ ਦੀ ਤਾਨ।

ਜੋ ਨਹੀਂ ਬੋਲੇ ਅਜੇ ਤਾਂ ਹੋਰ ਬੋਲੋਗੇ ਕਦੋਂ,
ਮਿਟ ਰਿਹਾ ਏ ਧਰਤ ਉੱਤੋਂ ਅਦਲ ਦਾ ਨਾਮੋ-ਨਿਸ਼ਾਨ।

ਅਗਨ ਬਾਣਾਂ ਧਰਤੀ ਵਿੰਨੀ, ਚੁੱਪ ਹੈ ਅਸਮਾਨ ਵੇਖ,
ਛਾਨਣੀ ਹੋਏ ਨੇ ਪੱਤੇ ਭਰ ਗਏ ਪੰਛੀ ਉਡਾਨ।

●

❑

ਗ਼ਜ਼ਲ

ਨੋਚਦੈ ਮਾਸੂਮ ਜਿੰਦਾਂ, ਵਕਤ ਹੋਇਆ ਕਹਿਰਵਾਨ।
ਬੋਲਦਾ ਹੈ ਇਹ ਹਮੇਸ਼ਾਂ, ਜ਼ੁਲਮ ਦੀ ਇੱਕੋ ਜ਼ਬਾਨ।

ਫੇਰਦਾ ਹੈਂ ਕਿਉਂ ਸੁਹਾਗਾ, ਅਕਲ ਦੇ ਹਰ ਲਫ਼ਜ਼ ਤੇ,
ਤੋੜ ਕੇ ਦੀਵੇ ਨੂੰ ਸਮਝੇ, ਕਿਉਂ ਭਲਾ ਏਸੇ ਨੂੰ ਸ਼ਾਨ ?

ਤੂੰ ਭਲਾ ਕਿਹੜੇ ਭੁਲੇਖੇ, ਕੰਧਾਂ ਕੋਠੇ ਢਾਹ ਰਿਹੈ,
ਧਮਕ ਨਾ ਮਹਿਲਾਂ 'ਚ ਪੁੱਜੇ, ਘੂਕ ਸੁੱਤਾ ਹੁਕਮਰਾਨ।

ਫ਼ਸਲ ਵੇਚੇਂ ਤੇ ਖ਼ਰੀਦੇਂ, ਤੋਪ ਗੋਲੇ ਤੇ ਬੰਦੂਕ,
ਤੇਰੇ ਸਿਰ ਤੇ ਚੱਲਦੀ ਹੈ, ਕੁਫ਼ਰ ਦੀ ਸ਼ਾਹੀ ਦੁਕਾਨ।

ਮੌਤ ਨੇ ਤਾਂਡਵ ਬਥੇਰਾ ਏਸ ਥਾਂ ਹੁਣ ਕਰ ਲਿਐ,
ਰੋਕ ਹੁਣ ਇਸ ਨੂੰ ਭਰਾਵਾ, ਜੇ ਹੈਂ ਸੱਚਾ ਮੁਸਲਮਾਨ।

ਏਸ ਥਾਂ ਤੇ ਬੀਜਦੇ ਸੀ ਜੋ ਕਦੇ ਸੁੱਚੇ ਗੁਲਾਬ,
ਲੋੜ ਹੈ ਲੱਭਣ ਦੀ ਸਾਰੇ, ਉਸ ਨਸਲ ਦੇ ਬਾਗਬਾਨ।

ਹੱਥ ਵਿਚ ਹਥਿਆਰ ਲੈ ਕੇ ਫਿਰ ਰਿਹੈਂ, ਤੂੰ ਸੁਣ ਜ਼ਰਾ,
ਅੱਤ ਮਗਰੋਂ ਅੰਤ ਹੁੰਦੈ, ਖ਼ਾਕ ਵਿਚ ਮਿਲਦੈ ਗੁਮਾਨ।
●

❑

ਗ਼ਜ਼ਲ

ਏਸ ਆਜ਼ਾਦੀ ਅੱਥਰੂ ਦਿੱਤੇ, ਜਸ਼ਨ ਮਨਾ ਨਹੀਂ ਹੋਇਆ।
ਅੱਖੀਆਂ ਦੀ ਮਜ਼ਬੂਰੀ ਮੈਥੋਂ, ਹੰਝ ਲੁਕਾ ਨਹੀਂ ਹੋਇਆ।

ਖਾ ਗਏ ਲੱਖ ਕਰੋੜਾਂ ਰੀਝਾਂ, ਤਖ਼ਤਾਂ ਤਾਜਾਂ ਵਾਲੇ,
ਸਾਥੋਂ ਇਕ ਵੀ ਹੌਕਾ ਦਿਲ ਵਿਚ ਦਰਦ ਪਚਾ ਨਹੀਂ ਹੋਇਆ।

ਆਈ ਆਜ਼ਾਦੀ ਢੋਲ ਵਜਾਵੇਂ, ਚਾਹਵੇਂ ਰਲ ਕੇ ਨੱਚੀਏ,
ਤੇਰੇ ਨਾਲ ਕਦੇ ਵੀ ਮਨ ਦਾ ਮੋਰ ਨਚਾ ਨਹੀਂ ਹੋਇਆ।

ਤੇਰੇ ਤੋਂ ਇਨਸਾਫ਼ ਮਿਲੇਗਾ, ਮੇਰੀ ਰੂਹ ਨਾ ਮੰਨੇ,
ਧੱਕੇ ਜਰਦੇ ਜਰਦੇ ਮੈਥੋਂ, ਮਨ ਸਮਝਾ ਨਹੀਂ ਹੋਇਆ।

ਤੇਰੇ ਝੂਠੇ ਲਾਰੇ ਤੇ ਵਿਸ਼ਵਾਸ ਕਰੇ ਹੁਣ ਕਿਹੜਾ,
ਜਦ ਕਿ ਤੈਥੋਂ ਅੱਜ ਤੱਕ ਇਕ ਵੀ ਬੋਲ ਪੁਗਾ ਨਹੀਂ ਹੋਇਆ।

ਚਾਰ ਚੁਫ਼ੇਰੇ ਦੁਸ਼ਮਣ ਫ਼ੌਜਾਂ, ਜੇ ਤੂੰ ਅੱਜ ਹੈਂ 'ਕੱਲ੍ਹਾ,
ਤੈਥੋਂ ਵੀ ਤਾਂ ਆਪਣਾ ਟੱਬਰ, ਗਲ ਨੂੰ ਲਾ ਨਹੀਂ ਹੋਇਆ।

ਦੇਸ਼ ਦੀ ਖ਼ਾਤਰ ਸੂਲੀ ਚੜ੍ਹ ਗਏ, ਅੰਬਰ ਤਾਰੇ ਬਣ ਗਏ,
ਸੂਰਮਿਆਂ ਦਾ ਅੱਜ ਤੱਕ ਸਾਥੋਂ, ਕਰਜ਼ ਚੁਕਾ ਨਹੀਂ ਹੋਇਆ।

ਰਾਵੀ ਦੇ ਉਰਵਾਰ ਪਾਰ ਹੜ੍ਹ ਚੜ੍ਹਿਆ ਲੋਕੀਂ ਡੁੱਬੇ,
ਆਜ਼ਾਦੀ ਦਾ ਤੋਹਫ਼ਾ ਸਾਥੋਂ ਕਦੇ ਭੁਲਾ ਨਹੀਂ ਹੋਇਆ।

ਮੱਥੇ ਤੇ ਕਾਲਖ਼ ਦਾ ਟਿੱਕਾ, ਲਾ ਗਿਆ ਸੰਨ ਸੰਤਾਲੀ,
ਪੌਣੀ ਸਦੀ ਗੁਜ਼ਾਰ ਕੇ ਸਾਥੋਂ, ਇਹ ਵੀ ਲਾਹ ਨਹੀਂ ਹੋਇਆ।

●

❑

ਗ਼ਜ਼ਲ

ਚਿਰ ਹੋਇਆ ਏ ਬਾਪੂ ਜੀ ਤਾਂ ਤੁਰ ਗਏ ਲੰਮੀ ਵਾਟੇ।
ਚੇਤੇ ਆ ਗਏ ਅੱਜ ਉਨ੍ਹਾਂ ਦੇ, ਪੈਰ ਬਿਆਈਆਂ ਪਾਟੇ।

ਤੁਰਦੇ-ਤੁਰਦੇ ਤੁਰਦੇ ਭਾਵੇਂ, ਜਾਂਦੇ ਅੱਖੀਂ ਵੇਖੇ,
ਪਰ ਤੇਰੇ ਵਿਚ ਹਾਜ਼ਰ ਨਾਜ਼ਰ ਅੱਜ ਵੀ ਸੂਹੀ ਲਾਟੇ।

ਘਰ ਤੋਂ ਮੰਜ਼ਿਲ ਤੀਕ ਪਹੁੰਚਦੇ, ਮਿਥਦੇ ਪਹਿਲਾਂ ਦਾਈਆ,
ਸੁਪਨੇ ਵਿਚ ਵੀ ਮੈਂ ਨਹੀਂ ਵੇਖੇ, ਖੜ੍ਹੇ ਕਿਤੇ ਅਧਵਾਟੇ।

ਰਿਸ਼ਤੇ ਦੀ ਪਾਕੀਜ਼ ਡੋਰ ਨੂੰ, ਧਰਮ ਦੇ ਵਾਂਗੂੰ ਫੜਦੇ,
ਮਰਦੇ ਦਮ ਤੱਕ ਡਿੱਠੇ ਹੀ ਨਹੀਂ, ਗਿਣਦੇ ਵਾਧੇ ਘਾਟੇ।

ਅਨਪੜ੍ਹ ਸੀ ਪਰ ਸਦਾ ਆਖਦੇ ਤੇ ਸਮਝਾਉਂਦੇ ਸਾਨੂੰ,
ਢਿੱਡੋਂ ਇਕ ਨੇ, ਕੁਰਸੀਆਂ ਵਾਲੇ, ਟਾਟੇ ਬਿਰਲੇ ਬਾਟੇ।

ਨਿਰਭਉ ਤੇ ਨਿਰਵੈਰ ਜਿਸਮ ਵਿਚ ਰਹਿੰਦਾ ਰੱਬ ਸੀ ਓਹੀ,
ਕਾਲ-ਮੁਕਤ ਸਮਕਾਲੀ ਬਾਬਲ, ਅੱਜ ਵੀ ਬੰਧਨ ਕਾਟੇ।

ਅਸਲ ਨਸ਼ਾ ਤਾਂ ਕਿਰਤ ਕਮਾਈ, ਜਾਗਿਓ, ਰਾਖੀ ਕਰਿਉ,
ਚਾਤਰ ਸ਼ਾਤਰ ਬੜਾ ਚਾਹੁਣਗੇ, ਲਾਉਣਾ ਪੁੱਠੀ ਚਾਟੇ।

ਧਰਤੀ ਧਰਮ ਨਿਭਾਉਣਾ ਦੱਸਿਆ ਤੇ ਏਦਾਂ ਸਮਝਾਇਆ,
ਮਰਿਆਦਾ ਦੀ ਸ਼ਕਤੀ ਸਾਂਭੋ, ਰੱਖ ਕੇ ਸਿੱਧੇ ਗਾਟੇ।

ਅਣਖ਼ ਦੀ ਰੋਟੀ ਸਦਾ ਕਮਾਇਓ, ਮੇਰੇ ਬਰਖ਼ੁਰਦਾਰੋ,
ਪੈਸੇ ਦੇ ਪੁੱਤ ਕਰਨ ਹਕੂਮਤ, ਖੇਡਣ ਝੂਟੇ ਮਾਟੇ।

●

❑

ਗ਼ਜ਼ਲ

ਏਸ ਆਜ਼ਾਦੀ ਅੱਥਰੂ ਦਿੱਤੇ, ਜਸ਼ਨ ਮਨਾ ਨਹੀਂ ਹੋਇਆ।
ਅੱਖੀਆਂ ਦੀ ਮਜ਼ਬੂਰੀ ਮੈਥੋਂ, ਹੰਝ ਲੁਕਾ ਨਹੀਂ ਹੋਇਆ।

ਖਾ ਗਏ ਲੱਖ ਕਰੋੜਾਂ ਰੀਝਾਂ, ਤਖ਼ਤਾਂ ਤਾਜਾਂ ਵਾਲੇ,
ਸਾਥੋਂ ਇਕ ਵੀ ਹਾਉਕਾ ਦਿਲ ਵਿਚ ਦਰਦ ਪਚਾ ਨਹੀਂ ਹੋਇਆ।

ਆਈ ਆਜ਼ਾਦੀ ਢੋਲ ਵਜਾਵੇਂ, ਚਾਹਵੇਂ ਰਲ ਕੇ ਨੱਚੀਏ,
ਤੇਰੇ ਨਾਲ ਕਦੇ ਵੀ ਮਨ ਦਾ ਮੋਰ ਨਚਾ ਨਹੀਂ ਹੋਇਆ।

ਤੇਰੇ ਤੋਂ ਇਨਸਾਫ਼ ਮਿਲੇਗਾ, ਮੇਰੀ ਰੂਹ ਨਾ ਮੰਨੇ,
ਧੱਕੇ ਜਰਦੇ ਜਰਦੇ ਮੈਥੋਂ, ਮਨ ਸਮਝਾ ਨਹੀਂ ਹੋਇਆ।

ਤੇਰੇ ਝੂਠੇ ਲਾਰੇ ਤੇ ਵਿਸ਼ਵਾਸ ਕਰੇ ਹੁਣ ਕਿਹੜਾ,
ਜਦ ਕਿ ਤੈਥੋਂ ਅੱਜ ਤੱਕ ਇਕ ਵੀ ਬੋਲ ਪੁਗਾ ਨਹੀਂ ਹੋਇਆ।

ਚਾਰ ਚੁਫ਼ੇਰੇ ਦੁਸ਼ਮਣ ਫ਼ੌਜਾਂ, ਜੇ ਤੂੰ ਅੱਜ ਹੈਂ ਕੱਲ੍ਹਾ,
ਤੈਥੋਂ ਵੀ ਤਾਂ ਆਪਣਾ ਟੱਬਰ, ਗਲ ਨੂੰ ਲਾ ਨਹੀਂ ਹੋਇਆ।

ਦੇਸ਼ ਦੀ ਖ਼ਾਤਰ ਸੂਲੀ ਚੜ੍ਹ ਗਏ, ਅੰਬਰ ਤਾਰੇ ਬਣ ਗਏ,
ਸੂਰਮਿਆਂ ਦਾ ਅੱਜ ਤੱਕ ਸਾਥੋਂ, ਕਰਜ਼ ਚੁਕਾ ਨਹੀਂ ਹੋਇਆ।

ਰਾਵੀ ਦੇ ਉਰਵਾਰ ਪਾਰ ਹੜ੍ਹ ਚੜ੍ਹਿਆ ਲੋਕੀਂ ਡੁੱਬੇ,
ਆਜ਼ਾਦੀ ਦਾ ਤੋਹਫ਼ਾ ਸਾਥੋਂ ਕਦੇ ਭੁਲਾ ਨਹੀਂ ਹੋਇਆ।

ਮੱਥੇ ਤੇ ਕਾਲਖ ਦਾ ਟਿੱਕਾ, ਲਾ ਗਿਆ ਸੰਨ ਸੰਤਾਲੀ,
ਪੌਣੀ ਸਦੀ ਗੁਜ਼ਾਰ ਕੇ ਸਾਥੋਂ, ਇਹ ਵੀ ਲਾਹ ਨਹੀਂ ਹੋਇਆ।

●

❑

ਗ਼ਜ਼ਲ

ਪਿੰਡੋਂ ਤੁਰਦਿਆਂ ਅੱਖੀਓਂ ਜੋ ਅੱਥਰੂ ਸੀ ਡੁੱਲ੍ਹੇ।
ਮੈਨੂੰ ਝੱਗੇ ਉੱਤੇ ਪਏ, ਅਜੇ ਦਾਗ਼ ਨਹੀਓਂ ਭੁੱਲੇ।

ਮਾਈ ਸੰਤੀ ਦੀ ਭੱਠੀ ਕਦੇ ਹੋਲਾਂ ਕਦੇ ਆਭੂ,
ਕਦੇ ਤਪਦੀ ਕੜਾਹੀ ਵਿਚ ਖਿੜਦੇ ਸੀ ਫੁੱਲੇ।

ਸਾਂਝੀ ਪਾਥੀਆਂ ਦੀ ਅੱਗ ਪਿੰਡੋਂ ਬੁਝਦੀ ਕਦੇ ਨਾ,
ਸਭ ਘਰਾਂ ਵਿਚ ਓਹੀ ਨਿੱਤ ਬਾਲਦੀ ਸੀ ਚੁੱਲ੍ਹੇ।

ਰਹਿ ਗਏ ਪੂਰਨੇ ਪਵਾਏ ਮੇਰੀ ਤਖ਼ਤੀ ਤੇ ਓਵੇਂ,
ਕੂਲ਼ੇ ਫੁੱਲਾਂ ਦੀ ਵਰੇਸੇ, ਤੱਤੇ ਝੱਖੜ ਸੀ ਝੁੱਲੇ।

ਗਿੱਲਾ ਪਰਨਾ ਲਪੇਟ ਸੌਣਾ ਕੋਠੇ ਮੰਜਾ ਡਾਹ ਕੇ,
ਬਾਤਾਂ ਸੁਣਦੇ ਉਡੀਕੀ ਜਾਣਾ ਪੁਰੇ ਵਾਲੇ ਬੁੱਲੇ।

ਮਿੱਠੇ ਖ਼ਾਨਗਾਹ ਦੇ ਚੌਲ, ਰੋਟ ਪੱਕਣਾ ਕਮਾਲ,
ਚਾਚੇ ਧੰਨਾ ਸਿੰਘ ਵਾਲੇ ਮੈਨੂੰ ਮੇਸੂ ਨਹੀਉਂ ਭੁੱਲੇ।

ਕੱਚੇ ਵਿਹੜੇ ਵਿਚ ਸ਼ਾਮ ਨੂੰ ਤਰੌਂਕ ਦੇਣਾ ਪਾਣੀ,
ਪੈਂਦ ਮੰਜਿਆ ਦੀ ਕੱਸਣੀ ਤੇ ਸੌਣਾ ਹੋ ਕੇ ਖੁੱਲ੍ਹੇ।

ਜਦੋਂ ਮੁੜਨਾ ਸਕੂਲੋਂ ਰਾਹ 'ਚ ਤਾਏ ਘੇਰ ਲੈਣਾ,
ਉਹਦੇ ਟੋਕਵੇਂ ਪਹਾੜੇ ਪੁੱਛੇ, ਅੱਜੇ ਵੀ ਨਹੀਂ ਭੁੱਲੇ।

ਹੱਟੀ ਸ਼ਾਹਵਾਂ ਦੀ ਤੋਂ ਲੈ ਕੇ ਖਾਣਾ ਜਦੋਂ ਵੀ ਮਰੂੰਡਾ,
ਕਿੰਜ ਦੱਸੀਏ ਸਵਾਦ, ਨਿਰ੍ਹੇ ਲੁੱਟੇ ਅਸਾਂ ਬੁੱਲੇ।

ਪੱਕੇ ਪੇਪਰਾਂ ਦੇ ਨੇੜੇ ਜਾ ਕੇ ਚੜ੍ਹਨਾ ਬੁਖ਼ਾਰ,
ਕੱਚੇ ਪੇਪਰਾਂ 'ਚ ਹੋਈਦਾ ਸੀ ਪਾਸ ਲਾ ਕੇ ਟੁੱਲੇ।

ਏਸ ਸ਼ਹਿਰ 'ਚ ਮੈਂ ਅੱਧੀ ਸਦੀ ਰੱਜ ਕੇ ਹੰਢਾਈ,
ਤੁਰੇ ਨਾਲ ਮੇਰੇ ਪਿੰਡ ਦੇ ਸਵਾਸ ਅਣਮੁੱਲੇ।

●

❑

ਗ਼ਜ਼ਲ

ਕੌਣ ਕਹਿੰਦਾ ਹੈ ਗ਼ਜ਼ਾਲਾ* ਮਰ ਗਈ ਹੈ।
ਮਹਿਕ ਸੀ, ਤਾਹੀਓਂ ਖ਼ੁਦਾ ਦੇ ਘਰ ਗਈ ਹੈ।

ਜਿਸਮ ਤਾਂ ਮਿੱਟੀ ਸੀ, ਕਬਰੀਂ ਸੌਂ ਗਿਆ ਹੈ,
ਰੰਗ ਸਭ ਫੁੱਲਾਂ 'ਚ ਆਪਣੇ ਭਰ ਗਈ ਹੈ।

ਪਾਣੀਆਂ ਵਿਚ ਕਲਵਲਾਂ ਓਸੇ ਦੀਆਂ ਨੇ,
ਵੇਖ ਲਉ, ਕਿੱਦਾਂ ਸਮੁੰਦਰ ਤਰ ਗਈ ਹੈ।

ਬੁਲਬੁਲਾਂ ਤੇ ਕਿਉਂ ਨਿਸ਼ਾਨੇ ਮਾਰਦੇ ਹੋ,
ਦਰਦ-ਭਿੰਨੀ 'ਵਾਜ਼ ਤਾਂ ਦਰ ਦਰ ਗਈ ਹੈ।

ਕਾਤਲਾਂ ਨੂੰ ਭਰਮ ਹਰ ਧਰਤੀ ਤੇ ਏਹੀ,
ਜ਼ਿੰਦਗੀ ਹਥਿਆਰ ਕੋਲੋਂ ਡਰ ਗਈ ਹੈ।

ਫੂੰਡ ਕੇ ਸ਼ੀਸ਼ੀ ਇਤਰ ਦੀ ਢੂੰਡਦੇ ਹੋ,
ਲੱਭਣੀ ਨਹੀਂ, ਮਹਿਕ ਹਿਜਰਤ ਕਰ ਗਈ ਹੈ।

ਜਾਣ ਤੋਂ ਪਹਿਲਾਂ ਗ਼ਜ਼ਾਲਾ ਮਿਰਗ-ਬੱਚੀ,
ਵੰਡਕੇ ਕਸਤੂਰੀਆਂ ਘਰ ਘਰ ਗਈ ਹੈ।

●

---

*ਸਵਾਤ ਘਾਟੀ (ਪਾਕਿਸਤਾਨ) 'ਚ ਕੁਝ ਵਰ੍ਹੇ ਪਹਿਲਾਂ ਗ਼ਜ਼ਾਲਾ ਜਾਵੇਦ ਨਾਂ ਦੀ ਸੁਰੀਲੀ ਤੇ ਖ਼ੂਬਸੂਰਤ ਗਾਇਕਾ ਨੂੰ ਉਸਦੇ ਪਿਤਾ ਸਮੇਤ ਹਥਿਆਰ ਪੂਜਕਾਂ ਵੱਲੋਂ ਗੋਲੀਆਂ ਨਾਲ ਭੁੰਨ ਦਿੱਤਾ ਗਿਆ ਸੀ, ਇਸ ਦੋਸ਼ ਬਦਲੇ ਕਿ ਉਹ ਗਾਉਂਦੀ ਕਿਉਂ ਹੈ?

❑

ਗ਼ਜ਼ਲ

ਨਾ ਧਰਤੀ ਨਾ ਅੰਬਰ ਝੱਲੇ, ਅੱਜ ਵੀ ਅਸੀਂ ਪਨਾਹੀਆਂ ਵਰਗੇ।
ਘਸਦੇ ਘਸਦੇ ਘਸ ਚੱਲੇ ਆਂ, ਘਾਹੀਆਂ ਦੇ ਪੁੱਤ ਘਾਹੀਆਂ ਵਰਗੇ।

ਬੜੇ ਸਲੀਕੇ ਵਾਲੇ ਘਰ ਵਿਚ, ਚੌਵੀ ਘੰਟੇ ਰਹੀਏ ਡਰ ਵਿਚ,
ਖ਼ਬਰੇ ਕਦ ਵਾਧੂ ਹੋ ਜਾਈਏ, ਵਸਤਾਂ ਕੁਝ ਅਣਚਾਹੀਆਂ ਵਰਗੇ।

ਮਰ ਚੱਲੇ ਆਂ ਹੌਕੇ ਭਰਦੇ, ਅੰਬਰ ਕਾਲਾ ਸਾਡੇ ਕਰਕੇ,
ਹਿੱਕ ਵਿਚ ਦੱਬੀਆਂ ਚੀਕਾਂ ਜੀਕੂੰ, ਦਰਦਮੰਦਾਂ ਦੀਆਂ ਆਹੀਆਂ ਵਰਗੇ।

ਰੱਜਿਆਂ ਖਾਤਰ ਸਾਲਣ ਬਣੀਏਂ, ਪੰਜੀਂ ਸਾਲੀਂ ਬਾਲਣ ਬਣੀਏ,
ਭੱਠੀ ਤਪਦੀ ਰੱਖਣ ਖਾਤਰ, ਦਰਿਆ ਕੰਢੇ ਕਾਹੀਆਂ ਵਰਗੇ।

ਕੰਠ ਵਿਛੁੰਨੀਆਂ ਜੀਕੂੰ ਬੀਨਾਂ, ਅਣਖ਼ ਬਿਨਾ ਬੇਜਾਨ ਜ਼ਮੀਰਾਂ,
ਸੁਪਨੇ, ਖੇਤ, ਜ਼ਮੀਨਾਂ ਬੰਜਰ, ਵਾਹੀਆਂ ਤੇ ਅਣਵਾਹੀਆਂ ਵਰਗੇ।

ਕਿਹੜੇ ਗਿਣੀਏ ਘਾਟੇ, ਵਾਧੇ, ਸੇਰੂ, ਪਾਵੇ ਘੁਣ ਨੇ ਖਾਧੇ,
ਵਾਣ ਪੁਰਾਣਾ ਹੋਇਆ ਜਿਸਦਾ, ਉਸ ਮੰਜੇ ਦੀਆਂ ਬਾਹੀਆਂ ਵਰਗੇ।

ਰੱਖਣ ਸੋਚਾਂ ਫ਼ਰਜ਼ ਜਗਾਈ, ਗਿਆਨ ਦੀ ਡਾਢੀ ਸ਼ਾਮਤ ਆਈ,
ਆਉਂਦੇ ਜਾਂਦੇ ਸਾਹ ਵੀ ਜਾਪਣ, ਗਲ ਵਿਚ ਪਈਆਂ ਫਾਹੀਆਂ ਵਰਗੇ।

ਗ਼ਰਜ਼ਾਂ ਦੀ ਪਰਿਕਰਮਾ ਕਰੀਏ, ਨਾ ਹੀ ਜੀਵੀਏ, ਨਾ ਹੀ ਮਰੀਏ,
ਘਰ ਸਿਰਨਾਵੇਂ ਭੁੱਲ ਗਏ ਜੋ, ਰਾਹ ਵਿਚ ਗੁੰਮੇ ਰਾਹੀਆਂ ਵਰਗੇ।

ਸ਼ਾਸਤਰਾਂ ਦੇ ਸਿਰਜਣਹਾਰੇ, ਬਣ ਗਏ ਜਦ ਤੋਂ ਸ਼ਸਤਰਧਾਰੀ,
ਅਕਲ ਕੋਟ ਦੇ ਕਿਲ੍ਹੇਦਾਰ ਵੀ, ਰਹਿ ਗਏ ਸਿਰਫ਼ ਸਿਪਾਹੀਆਂ ਵਰਗੇ।

ਮੁੱਕ ਚੱਲੇ ਆਂ, ਮਰਦੇ ਮਰਦੇ, ਸਰਹੱਦਾਂ ਦੀ ਰਾਖੀ ਕਰਦੇ,
ਰਾਜ ਘਰਾਂ ਲਈ ਸਾਡੇ ਪੁੱਤਰ, ਬਣ ਗਏ ਸਿਰਫ਼ ਗਰਾਹੀਆਂ ਵਰਗੇ।

●

❑

ਗ਼ਜ਼ਲ

ਆਪਣੇ ਘਰ ਪਰਦੇਸੀਆਂ ਵਾਂਗੂੰ, ਪਰਤਣ ਦਾ ਅਹਿਸਾਸ ਕਿਉਂ ਹੈ?
ਮੈਂ ਸੰਤਾਲੀ ਮਗਰੋਂ ਜੰਮਿਆਂ, ਮੇਰੇ ਪਿੰਡੇ ਲਾਸ ਕਿਉਂ ਹੈ?

ਸ਼ਹਿਰ ਲਾਹੌਰ 'ਚ ਆ ਕੇ ਜੇ ਨਨਕਾਣੇ ਵੀ ਮੈਂ ਜਾ ਨਹੀਂ ਸਕਦਾ,
ਧਾਹ ਗਲਵੱਕੜੀ ਪਾ ਕੇ ਮਿਲਦਾ ਸਤਿਲੁਜ ਨਾਲ ਬਿਆਸ ਕਿਉਂ ਹੈ?

ਇੱਕੋ ਫਾਂਸੀ, ਇੱਕੋ ਗੋਲੀ, ਰਹਿਮਤ ਅਲੀ, ਸਰਾਭਾ, ਬਿਸਮਿਲ,
ਆਜ਼ਾਦੀ ਤੋਂ ਮਗਰੋਂ ਸਾਡਾ, ਵੱਖੋ ਵੱਖ ਇਤਿਹਾਸ ਕਿਉਂ ਹੈ?

ਦਿੱਲੀ ਵਰਗੇ ਚੌਂਕ ਚੁਰਸਤੇ, ਕਾਰ ਵਿਹਾਰ, ਬਾਜ਼ਾਰ ਵੀ ਓਹੀ,
ਮਿਕਨਾਤੀਸੀ ਖਿੱਚ ਦੀ ਸ਼ਕਤੀ, ਸ਼ਹਿਰ ਲਾਹੌਰ 'ਚ ਖ਼ਾਸ ਕਿਉਂ ਹੈ?

ਬੁੱਲ੍ਹੇਸ਼ਾਹ ਦਾ ਪ੍ਰੇਮ ਪਿਆਲਾ, ਬਿਨਾਂ ਕਸੂਰੋਂ ਪੀ ਨਹੀਂ ਸਕਦਾ,
ਹਰ ਵਾਰੀ ਹੋਠਾਂ ਤੇ ਆਉਂਦੀ, ਅਜਬ ਤਰ੍ਹਾਂ ਦੀ ਪਿਆਸ ਕਿਉਂ ਹੈ?

ਵਾਰਸ ਦੇ ਜੰਡਿਆਲੇ ਬੈਠੇ, ਮਸਤ ਔਲੀਆ ਹੀਰ ਸੁਣਾਉਂਦੇ,
ਰਾਂਝਣ ਯਾਰ ਫ਼ਕੀਰਾਂ ਨੂੰ ਇਹ, ਪਿਰ ਮਿਲਣੇ ਦੀ ਆਸ ਕਿਉਂ ਹੈ?

ਸਾਡੇ ਪੰਜ ਦਰਿਆਈ ਘੋੜੇ, ਜਦ ਵੀ ਵੇਖਾਂ ਟਾਂਗੇ ਖਿੱਚਦੇ,
ਘੋੜ ਸਵਾਰ ਗੁਆਚਣ ਵਰਗਾ, ਡੰਗ ਰਿਹਾ ਅਹਿਸਾਸ ਕਿਉਂ ਹੈ?

ਸਾਡੇ ਪਿੰਡ ਦੀ ਸੰਤੀ ਵਰਗਾ, ਮੈਲਾ ਸੂਟ ਅਨਾਇਤਾਂ ਪਾਇਆ,
ਪੌਣੀ ਸਦੀ ਗੁਆਚਣ ਮਗਰੋਂ, ਰਾਵੀ ਪਾਰ ਲਿਬਾਸ ਕਿਉਂ ਹੈ?

●

ਗ਼ਜ਼ਲ

ਬੱਚਿਆਂ ਨੂੰ ਬਘਿਆੜ ਖਾ ਗਿਆ, ਖ਼ੂਨ 'ਚ ਰੱਤੇ ਬਸਤੇ ਨੇ।
ਜੰਨਤ ਖ਼ਾਤਰ ਦੱਸ ਗ਼ਾਜ਼ੀਆ, ਇਹ ਬਈ ਕਿਹੜੇ ਰਸਤੇ ਨੇ।

ਬੰਦੂਕਾਂ ਦਾ ਢਿੱਡ ਨਹੀਂ ਭਰਨਾ, ਕੁੱਲ ਆਲਮ ਨੂੰ ਖਾ ਕੇ ਵੀ,
ਹਥਿਆਰਾਂ ਦੇ ਅੱਗੇ ਕਿੰਨੇ, ਆਦਮ ਹੋ ਗਏ ਸਸਤੇ ਨੇ।

ਇੱਕ ਵੀ ਸੜਕ ਸਬੂਤੀ ਸਿੱਧੀ ਮੰਜ਼ਿਲ ਦੇ ਵੱਲ ਜਾਂਦੀ ਨਹੀਂ,
ਮੇਰੇ ਅੱਗੇ ਚਹੁੰ ਕਦਮਾਂ ਤੇ, ਆਉਂਦੇ ਫੇਰ ਚੁਰਸਤੇ ਨੇ।

ਬਿਨਾਂ ਲਗਾਮੋਂ, ਬਿਨਾ ਨਕੇਲੋਂ, ਇਹ ਹੀ ਸਭ ਕੁਝ ਹੋਣਾ ਸੀ,
ਤਾਕਤ ਦੇ ਵਿਚ ਅੰਨ੍ਹੇ ਬੋਲੇ, ਬੋਤੇ ਕਿੰਨੇ ਮਸਤੇ ਨੇ।

ਸੁੱਤਿਆਂ ਸੁੱਤਿਆਂ ਦਿਨ ਲੰਘ ਜਾਂਦਾ, ਗਾਫ਼ਲ ਮਨ ਨੂੰ ਖ਼ਬਰ ਨਹੀਂ,
ਇਸ ਧਰਤੀ ਤੇ ਚਾਨਣ ਵੰਡਦੇ, ਕਿੰਨੇ ਸੂਰਜ ਅਸਤੇ ਨੇ।

ਹੁਕਮਰਾਨ ਜੀ, ਇਹ ਦੋ ਅਮਲੀ, ਤੀਜੀ ਅੱਖ ਨੇ ਵੇਖ ਲਈ,
ਰੂਹ ਅੰਦਰ ਕੰਡਿਆਲੀਆਂ ਤਾਰਾਂ, ਹੱਥਾਂ ਵਿਚ ਗੁਲਦਸਤੇ ਨੇ।

ਜੰਗਲ ਜਦ ਢਹਿ ਢੇਰੀ ਹੋਇਆ, ਮਰਦੇ ਦਮ ਇਹ ਆਖ ਗਿਆ,
ਹਰ ਆਰੀ ਨੂੰ ਲੱਗੇ ਵੇਖੋ, ਲੱਕੜੀ ਦੇ ਹੀ ਦਸਤੇ ਨੇ।

●

❑

ਗ਼ਜ਼ਲ

ਜੇ ਦੁੱਧ ਦੀ ਰਾਖੀ ਬਿੱਲਿਆਂ ਨੂੰ ਹੀ ਪਹਿਰੇਦਾਰ ਬਿਠਾਉਗੇ।
ਪਛਤਾਉਗੇ ਪਛਤਾਉਗੇ, ਮੈਂ ਫਿਰ ਕਹਿੰਨਾਂ ਪਛਤਾਉਗੇ।

ਤਾਕਤ ਦਾ ਨਸ਼ਾ ਅਜੀਬ ਜਿਹਾ, ਬੰਦੇ ਨੂੰ ਕੀੜੀ ਦੱਸਦਾ ਹੈ,
ਜਦ ਵਕਤ ਨੇ ਉੱਤਰ ਮੰਗਿਆ ਤਾਂ, ਫਿਰ ਹੱਥ ਮਲ਼ਦੇ ਰਹਿ ਜਾਉਗੇ।

ਧਰਤੀ ਦੀ ਅਸਲ ਹਕੀਕਤ ਨੂੰ, ਵੇਖਣ ਤੋਂ ਹੋ ਇਨਕਾਰੀ ਕਿਉਂ,
ਕਿੰਨੀ ਕੁ ਦੇਰ ਮੁਸੀਬਤ ਤੋਂ, ਮੂੰਹ ਫੇਰ ਫੇਰ ਲੰਘ ਜਾਉਗੇ।

ਕਦ ਤੀਕਣ ਸੁੱਕਣੇ ਪਾਉਣਾ ਹੈ, ਮਾਸੂਮ ਗੁਟਾਰਾਂ ਘੁੱਗੀਆਂ ਨੂੰ,
ਹੁਣ ਉੱਡਣਹਾਰੇ ਪੰਛੀਆਂ ਨੂੰ, ਦੱਸ ਕਿਹੜਾ ਚੋਗਾ ਪਾਉਗੇ?

ਕੁਰਸੀ ਦੀ ਖਾਤਰ ਧਰਮਾਂ ਨੂੰ, ਟੰਗ ਦੇਵੋ ਛਿੱਕੇ ਸ਼ਰਮਾਂ ਨੂੰ,
ਅਸੀਂ ਭਰਮ-ਜਾਲ ਨੂੰ ਸਮਝ ਲਿਆ, ਹੁਣ ਸਾਨੂੰ ਕੀਹ ਸਮਝਾਉਗੇ?

ਸ਼ੀਸ਼ੇ ਨੇ ਉਹ ਕੁਝ ਦੱਸ ਦੇਣਾ, ਜੋ ਵੇਖਣ ਤੋਂ ਇਨਕਾਰੀ ਹੋ,
ਜੇ ਤੋੜ ਦਿਉਗੇ ਇਸ ਨੂੰ ਤਾਂ, ਹਰ ਟੁਕੜੇ ਤੋਂ ਘਬਰਾਉਗੇ।

ਤੁਸੀਂ ਰੱਸੀਆਂ ਦੇ ਸੱਪ ਮਾਰਨ ਲਈ, ਲਾਠੀ ਤੇ ਗੋਲੀ ਵਰਤ ਲਏ,
ਜੇ ਅਸਲ ਪਟਾਰੀ ਖੁੱਲ੍ਹ ਗਈ ਤਾਂ, ਫਿਰ ਕਿੱਦਾਂ ਕੀਲ ਬਿਠਾਉਗੇ?

ਇਹ ਦਰਬਾਰੀ, ਅਖ਼ਬਾਰੀ ਜੋ, ਭਰਮਾਂ ਦਾ ਜਾਲ ਫ਼ੈਲਾਉਂਦੇ ਨੇ,
ਇਨ੍ਹਾਂ ਤੋਂ ਮੁਕਤੀ ਸੌਖੀ ਨਹੀਂ, ਕਦ ਤੀਕ ਭੁਲੇਖ਼ੇ ਖਾਉਗੇ?

ਆਪਾਂ ਤਾਂ ਸ਼ਬਦ ਲਿਖਾਰੀ ਹਾਂ, ਸਦੀਆਂ ਤੋਂ ਏਦਾਂ ਆਖ ਰਹੇ,
ਇਹ ਧਰਤੀ ਕੁਝ ਵੀ ਰੱਖਦੀ ਨਹੀਂ, ਜੋ ਬੀਜੋਗੇ ਸੋ ਪਾਉਗੇ।

●

❑

ਗ਼ਜ਼ਲ

ਬਿਰਖ਼ ਬਰੂਟੇ ਚੀਕ ਰਹੇ ਨੇ ਕਿਉਂ ਨਹੀਂ ਸੁਣਦਾ ਮਾਲੀ ਨੂੰ।
ਦੋਸ਼ ਕਿਉਂ ਇਹ ਦੇਈ ਜਾਵੇ, ਹਰ ਪੱਤੇ ਹਰ ਡਾਲੀ ਨੂੰ।

ਦਿਨ ਦੀਵੀਂ ਕੀ 'ਨੇਰ੍ਹ ਪਿਆ ਤੇ ਰਖਵਾਲੇ ਵੀ ਨਾਲ ਮਿਲੇ,
ਲੈ ਫਰਨਾਹੀ ਚੀਰੀ ਜਾਵਣ ਸ਼ਾਮਲਾਟ ਦੀ ਟਾਹਲੀ ਨੂੰ।

ਬਲਦ ਖਲੋਤੇ ਬਿਰਖ਼ਾਂ ਥੱਲੇ, ਮਾਲਕ ਦੇ ਗਲ ਫਾਹੀਆਂ ਨੇ,
ਬਿਨ ਬੋਲਣ ਤੋਂ ਕੇਰਨ ਅੱਥਰੂ ਵੇਖ ਵੇਖ ਕੇ ਹਾਲ਼ੀ ਨੂੰ।

ਬੀਜਣ ਤੋਂ ਪਹਿਲਾਂ ਦਿਨ ਦੀਵੀਂ, ਖੇਤ ਲੁਟੇਰੇ ਲੁੱਟ ਲੈਂਦੇ,
ਕਿੱਦਾਂ ਤੁਰੀਏ ਰਾਤ ਬਰਾਤੇ ਫ਼ਸਲਾਂ ਦੀ ਰਖਵਾਲੀ ਨੂੰ।

ਸਾਡੇ ਪਿੰਡ ਪੁਆੜੇ ਪਾ ਗਈ, ਮਰ ਮਰ ਲੋਕੀਂ ਮੁੱਕ ਚੱਲੇ,
ਮੋਮੋਠਗਣੀ ਚੁੱਪ ਕਿਉਂ ਹੈ, ਪੁੱਛਿਓ ਬਾਰਾਂ ਤਾਲੀ ਨੂੰ।

ਰੁੱਖੇ ਸੁੱਕੇ ਟੁੱਕਰ ਨੂੰ ਵੀ ਕੈਦੋ ਝਪਟੀ ਮਾਰਨ ਪਏ,
ਹੀਰੇ ਚੂਰੀ ਕਦ ਦੇਵੇਂਗੀ, ਤੂੰ ਮੱਝੀਆਂ ਦੇ ਪਾਲ਼ੀ ਨੂੰ।

ਰਾਵੀ ਦਰਿਆ ਅੱਜ ਵੀ ਤਪਦਾ ਤੇਰੇ ਭਾਣੇ ਵਗਦਾ ਹੈ,
ਅੱਥਰੂ ਅੱਥਰੂ ਤਨ ਮਨ ਹੋ ਜੇ, ਚੇਤੇ ਕਰ ਸੰਤਾਲ਼ੀ ਨੂੰ।

●

❑

ਗ਼ਜ਼ਲ

ਜਿਸ ਨੂੰ ਲੋਕੀਂ ਕਹਿਣ ਆਜ਼ਾਦੀ, ਇਸ ਦਾ ਲੈ ਨਾ ਨਾਂ ਵੇ ਬੱਚਿਆ।
ਸੇਕ ਰਹੇ ਸੰਤਾਲੀ ਤੋਂ ਹੀ, ਅਗਨ ਬਿਰਖ਼ ਦੀ ਛਾਂ ਵੇ ਬੱਚਿਆ।

ਮਰਦੇ ਦਮ ਤੱਕ ਬਾਬਲ ਤੇਰਾ, ਰਿਹਾ ਤੜਫ਼ਦਾ ਆਪਣੇ ਪਿੰਡ ਨੂੰ,
ਇਹ ਧਰਤੀ ਨਾ ਬਣੀ ਕਦੇ ਵੀ, ਉਸ ਦੀ ਖ਼ਾਤਰ ਮਾਂ ਵੇ ਬੱਚਿਆ।

ਕੇਰੇ ਬੀਜ ਸਿਆੜਾਂ ਅੰਦਰ, ਖ਼ੂਨ ਪਸੀਨਾ ਬੜਾ ਖ਼ਰਚਿਆ,
ਸਾਡੀ ਫ਼ਸਲ ਉਮੀਦਾਂ ਵਾਲੀ, ਚੂੰਡ ਗਏ ਸਭ ਕਾਂ ਵੇ ਬੱਚਿਆ।

ਭਰੇ ਭਕੁੰਨੇ ਘਰ ਨੂੰ ਛੱਡਿਆ, ਤਨ ਦੇ ਤਿੰਨੇ ਕੱਪੜੇ ਲੈ ਕੇ,
ਇਲਮ ਨਹੀਂ ਸੀ ਉੱਜੜਨ ਵੇਲੇ, ਮੁੜਨਾ ਨਹੀਂ ਇਸ ਥਾਂ ਵੇ ਬੱਚਿਆ।

ਦਸ ਲੱਖ ਤੋਂ ਵੱਧ ਚੰਨ ਸਿਤਾਰੇ, ਮਾਵਾਂ ਵਾਰੇ ਕਿਹੜੇ ਲੇਖੇ,
ਜਸ਼ਨ ਮਨਾਉਂਦਿਆਂ ਨੂੰ ਤੂੰ ਪੁੱਛੀਂ, ਜਦ ਹੋਵੇ ਚੁੱਪ ਚਾਂ ਵੇ ਬੱਚਿਆ।

ਇਹ ਰਾਜੇ ਇਹ ਰਾਜ ਘਰਾਣੇ, ਸਾਡੀ ਰੂਹ ਦੇ ਜ਼ਖ਼ਮ ਪੁਰਾਣੇ,
ਇੱਕੋ ਤਾਸ਼ ਬਵੰਜਾ ਪੱਤੇ, ਚਾਰਨ ਭੋਲ਼ੀ ਗਾਂ ਵੇ ਬੱਚਿਆ।

ਓਹੀ ਸਫ਼ਰ ਬਿਖੜਿਆ ਪੈਂਡਾ, ਰਾਤ ਦਿਵਸ ਦੇ ਸੰਸੇ ਝੋਰੇ,
ਸਿਰਫ਼ ਟਿਕਾਣਾ ਬਦਲ ਗਿਆ ਹੈ, ਇਹ ਕੁਝ ਦੱਸਿਐ ਤਾਂ ਵੇ ਬੱਚਿਆ।

●

❑

ਗ਼ਜ਼ਲ

ਤੇਰੇ ਲਈ ਦਰਿਆ ਹੈ ਰਾਵੀ, ਮੇਰੇ ਲਈ ਇਹ ਦੇਸ ਵੀਰਿਆ।
ਧਰਮੀ ਬਾਬਲ, ਮਾਂ ਹੈ ਰਾਵੀ, ਇਸ ਓਹਲੇ ਪਰਦੇਸ ਵੀਰਿਆ।

ਤੂੰ ਕੀ ਜਾਣੇਂ ਡੇਹਰੇ[1] ਜਾ ਕੇ, ਕੀ ਕੁਝ ਟੁੱਟਦਾ ਮੇਰੇ ਅੰਦਰੋਂ,
ਪੂਰਾ ਪੱਥਰ ਹੋਇਆ ਨਹੀਂ ਮੈਂ, ਹਾਲੇ ਅੰਦਰ ਲੇਸ ਵੀਰਿਆ।

ਪੰਜ ਸਦੀਆਂ ਜੋ ਪਹਿਲਾਂ ਬੀਜਿਆ, ਗੁਰ ਮੇਰੇ ਰਾਵੀ ਦੇ ਕੰਢੇ,
ਫ਼ਸਲ ਨਿਖ਼ਸਮੀ ਵਾਂਗੂੰ ਹੁਣ ਤਾਂ, ਸੁੱਕ ਰਿਹਾ ਉਪਦੇਸ ਵੀਰਿਆ।

ਵਗਦਾ ਪਾਣੀ, ਅੱਖ ਦੇ ਅੱਥਰੂ, ਆਪੋ ਆਪਣੀ ਪੀੜ ਸੁਣਾਉਂਦੇ,
ਬਿਰਖ਼ ਉਦਾਸ, ਹਵਾਵਾਂ ਸੋਗੀ, ਦਿਲ ਤੇ ਡੂੰਘੀ ਠੇਸ ਵੀਰਿਆ।

ਕਿੰਜ ਵਿਸਾਰਾਂ ਗੁੜ੍ਹਤੀ ਵਾਂਗੂੰ, ਮਿਲੀਆਂ ਯਾਦਾਂ ਤੇ ਖ਼ੁਸ਼ਬੋਆਂ,
ਮੈਂ ਤਾਂ ਮਾਂ ਦਾ ਬੁੰਬਲਾਂ ਵਾਲਾ, ਸਾਂਭ ਕੇ ਰੱਖਿਆ ਖੇਸ ਵੀਰਿਆ।

ਸੱਤਰ ਸਾਲ ਖ਼ਰਚ ਕੇ ਹਾਲੇ, ਮਲ੍ਹਮ ਵਲਾਇਤੀ ਵਰਤ ਰਹੇ ਹਾਂ,
ਸੂਰਮਿਆਂ ਦੇ ਖ਼੍ਵਾਬ ਦੀ ਰਲ ਮਿਲ, ਕੀਤੀ ਪੱਟੀ ਮੇਸ ਵੀਰਿਆ।

ਰਾਵੀ ਕੰਢੇ ਹਾਲੇ ਤੱਕ ਵੀ ਆਲਮ[2] ਯਮਲਾ[3] ਮਿਲ ਕੇ ਬਣਦੇ,
ਬੇਵਤਨਾਂ, ਬੇਜਿਸਮਾਂ ਖ਼ਾਤਰ, ਸੁਰ ਦਾ ਰੰਗਲਾ ਵੇਸ ਵੀਰਿਆ।

●

1. ਡੇਰਾ ਬਾਬਾ ਨਾਨਕ, 2. ਆਲਮ ਲੋਹਾਰ, 3. ਉਸਤਾਦ ਲਾਲ ਚੰਦ ਯਮਲਾ ਜੱਟ

❑

ਗ਼ਜ਼ਲ

ਤੜਪ ਰਿਹੈ ਸੌ ਸਾਲ ਤੋਂ ਮਗਰੋਂ, ਜੱਲ੍ਹਿਆਂ ਵਾਲਾ ਬਾਗ ਅਜੇ ਵੀ।
ਡਾਇਰ ਤੇ ਓਡਵਾਇਰ ਰਲ਼ ਕੇ, ਗਾਉਂਦੇ ਓਹੀ ਰਾਗ ਅਜੇ ਵੀ।

ਆਜ਼ਾਦੀ ਦਾ ਮੁਕਤੀ ਮਾਰਗ, ਹਾਲੇ ਕਿੰਨੀ ਦੂਰ ਸਵੇਰਾ,
ਥਾਲੀ ਵਿੱਚ ਅਣਚੋਪੜੀਆਂ ਤੇ, ਨਾਲ ਅਲੂਣਾ ਸਾਗ ਅਜੇ ਵੀ।

ਸਰਹੱਦਾਂ ਤੇ ਪਹਿਰੇਦਾਰੀ, ਕਰ ਕਰ ਹਾਰੇ ਕੁੱਲੀਆਂ ਢਾਰੇ,
ਸੋਗ ਸੁਨੇਹੇ ਫਿਰਨ ਬਨੇਰੇ, ਕੁਰਲਾਉਂਦਾ ਹੈ ਕਾਗ ਅਜੇ ਵੀ।

ਸੁੱਤਿਆ ਲੋਕਾ ਤੇਰੀ ਗਠੜੀ, ਲੈ ਚੱਲੇ ਨੇ ਚੋਰ, ਮੁਸਾਫ਼ਿਰ,
ਘਰ ਨੂੰ ਸਾਂਭਣ ਖ਼ਾਤਿਰ ਤੈਨੂੰ, ਕਿਉਂ ਨਾ ਆਵੇ ਜਾਗ ਅਜੇ ਵੀ।

ਧਰਮ ਖੇਤ ਦੇ ਅੰਦਰ ਦੱਬੀ, ਸਾਰੀ ਫ਼ਸਲ ਨਦੀਨਾਂ ਮਾਰੀ,
ਮਨ ਮੰਦਿਰ ਵਿੱਚ ਕੁਫ਼ਰ ਪਸਾਰਾ, ਕਹੀਏ ਸੁੱਤੇ ਭਾਗ ਅਜੇ ਵੀ।

ਛੇ ਸਦੀਆਂ ਤੋਂ ਮਗਰੋਂ ਅੱਜ ਵੀ, ਮੇਰੀ ਕੁੱਲੀ ਓਸੇ ਥਾਂ ਤੇ,
ਜਿੱਥੇ ਛੱਡ ਕੇ ਗਿਆ ਕਬੀਰਾ, ਗਲ ਕਟੀਅਨ ਕੇ ਲਾਗ ਅਜੇ ਵੀ।

ਧਨਵੰਤੇ ਪਤਵੰਤੇ ਬਣ ਗਏ, ਰੋਲਣ ਪੱਤ ਜ਼ਮੀਰਾਂ ਬਦਲੇ,
ਗੁਣਵੰਤੇ ਛੱਡ, ਬੇਕਦਰਾਂ ਹੱਥ, ਸਮਿਆਂ ਵਾਲੀ ਵਾਗ ਅਜੇ ਵੀ।
●

❑

ਗ਼ਜ਼ਲ

ਸਤਿਲੁਜ ਬਿਆਸ ਝਨਾਂ ਤੇ ਜਿਹਲਮ ਪੰਜਵਾਂ ਦਰਿਆ ਮੇਰੀ ਮਾਂ ਹੈ।
ਪਾਲ ਪੋਸ ਜਿਸ ਵੱਡਿਆਂ ਕੀਤਾ, ਰਾਵੀ ਉਸ ਦਾ ਦੂਜਾ ਨਾਂ ਹੈ।

ਬਾਤ ਪਾਉਂਦਿਆਂ ਬਿਰਖ਼ਾਂ ਦੀ ਮੈਂ, ਸੀਸ ਝੁਕਾਵਾਂ ਪੁਰਖਿਆਂ ਨੂੰ ਵੀ,
ਕੁਝ ਆਰੀ, ਕੁਝ ਵਕਤ ਲੈ ਗਿਆ, ਫਿਰ ਵੀ ਸਿਰ ਵਿਰਸੇ ਦੀ ਛਾਂ ਹੈ।

ਪਹਿਲਾਂ ਗੋਬਰ ਧਨ ਦੇਂਦੀ ਸੀ, ਹਾਲ਼ੀ ਬਲਦ ਤੇ ਅੰਮ੍ਰਿਤ ਧਾਰਾਂ,
ਨੇਤਾ ਜੀ ਦੇ ਪੇੜੇ ਮਗਰੋਂ, ਅੱਜ ਕੱਲ੍ਹ ਵੋਟਾਂ ਦੇਂਦੀ ਗਾਂ ਹੈ।

ਬੋਹੜੀਂ ਪਿੱਪਲੀਂ ਪੀਂਘਾਂ ਮੋਈਆਂ, ਰੱਸੀਆਂ ਦੇ ਸੱਪ ਬਣ ਗਏ ਫਾਹੀਆਂ,
ਮਰਨ ਵਾਲਿਆਂ ਵਿੱਚ ਹਰ ਵਾਰੀ, ਮੇਰੇ ਬਾਬਲ ਦਾ ਕਿਉਂ ਨਾਂ ਹੈ।

ਦੋਮੂੰਹੀਆਂ ਡੰਗ ਮਾਰਨ ਜ਼ਹਿਰੀ, ਅੱਜ ਕੱਲ੍ਹ ਮੀਸਣੀਆਂ ਮੁਸਕਾਨਾਂ,
ਮੈਂ ਏਸੇ ਦਾ ਡੰਗਿਆ ਹੋਇਆਂ, ਤੈਨੂੰ ਇਹ ਮੈਂ, ਦੱਸਿਆ ਤਾਂ ਹੈ।

ਧਰਮਸਾਲ ਵਿੱਚ ਧੜਿਆਂ ਕਾਰਨ, ਵਣਜ ਵਪਾਰੀ ਕਾਬਜ਼ ਹੋ ਗਏ,
ਸ਼ੁਭ ਕਰਮਨ ਦੀ ਕਥਾ ਸੁਣਨ ਲਈ, ਧਰਮ ਕਰਮ ਦੀ ਕਿਹੜੀ ਥਾਂ ਹੈ।

ਮਾਨ ਸਰੋਵਰ ਝੀਲ ਦੇ ਕੰਢਿਓਂ, ਕਹਿ ਕੇ ਹੰਸ ਉਡਾਰੀ ਭਰ ਗਏ,
ਨਾਲ ਨਮੋਸ਼ੀ ਜੀਣਾ ਔਖਾ, ਜਿੱਥੋਂ ਦਾ ਹੁਣ ਮੁਖੀਆ ਕਾਂ ਹੈ।

●

❑

ਗ਼ਜ਼ਲ

ਵੇ ਵੀਰਾ ਵੇ ਜੀਣ ਜੋਗਿਆ, ਤੂੰ ਕਿਉਂ ਸੁੱਤਾ ਦਰਦ ਜਗਾਇਆ।
ਕਾਲ਼ੇ ਦੌਰ ਦੀ ਕਾਲ਼ੀ ਮੂਰਤ, ਵੇਖਣ ਸਾਰ ਜ਼ਲਜ਼ਲਾ ਆਇਆ।

ਅੱਖੀਆਂ ਦੇ ਵਿੱਚ ਸਹਿਮ ਸੰਨਾਟਾ, ਵੱਖੀਆਂ ਅੰਦਰ ਭੁੱਖ ਦਾ ਤਾਂਡਵ,
ਬੰਨ੍ਹ ਕਾਫ਼ਲੇ ਨਾਰੋਵਾਲੋਂ, ਰੁਲ਼ਦਾ ਸਾਡਾ ਟੱਬਰ ਆਇਆ।

ਦਾਦੀ ਮਾਂ ਦੀ ਗੋਦੀ ਚੜ੍ਹ ਕੇ, ਬੈਠੀ ਭੂਆ ਸਗਵੀਂ ਜਾਪੇ,
ਬਾਪ-ਕੰਧੇੜੇ ਏਸ ਤਰ੍ਹਾਂ ਹੀ ਦੱਸਦੇ ਮੇਰਾ ਬਾਬਲ ਆਇਆ।

ਚੁੱਲ੍ਹੇ ਅੰਦਰ ਬਲਦੀ ਅੱਗ ਤੇ, ਗੁੰਨਿਆ ਆਟਾ ਵਿੱਚ ਪਰਾਤੇ,
ਨਹੀਂ ਸੀ ਵਿੱਚ ਨਸੀਬਾਂ ਰੋਟੀ, ਛੱਡ ਆਏ ਤੰਦੂਰ ਤਪਾਇਆ।

ਅਲਫ਼ ਅੱਲ੍ਹਾ ਤੋਂ ਅਗਲਾ ਵਰਕਾ, ਪਾਟਿਆ ਜੋ ਸੰਤਾਲੀ ਵੇਲੇ,
ਉਸਨੂੰ ਲੱਭਦਾ ਗੁਜ਼ਰ ਗਿਆ ਹੈ, ਸਾਲ ਕੁ ਪਹਿਲਾਂ ਮੇਰਾ ਤਾਇਆ।

ਮਾਂ ਧਰਤੀ ਦਾ ਚੀਰ ਕੇ ਸੀਨਾ, ਅੱਧੀ ਰਾਤੀਂ ਕਿਹਾ ਆਜ਼ਾਦੀ,
ਕਿਉਂ ਘਰ ਬਾਰ ਗੁਆਚਾ ਸਾਡਾ, ਸਾਨੂੰ ਹੁਣ ਤੱਕ ਸਮਝ ਨਾ ਆਇਆ।

ਮੈਂ ਸੰਤਾਲੀ ਮਗਰੋਂ ਜੰਮਿਆਂ, ਪਰ ਨਹੀਂ ਛੱਡਦਾ ਖਹਿੜਾ ਮੇਰਾ,
ਮੇਰੀ ਰੂਹ ਤੋਂ ਲਹਿੰਦਾ ਹੀ ਨਾ, ਆਦਮਖ਼ੋਰਾ ਖ਼ੂਨੀ ਸਾਇਆ।
●

ਗ਼ਜ਼ਲ

ਚੱਲ ਪੱਤਣਾਂ ਤੇ ਰੋਂਦਿਆਂ ਨੂੰ, ਚੁੱਪ ਤਾਂ ਕਰਾਈਏ।
ਜਿੰਨਾ ਸਾਡੇ ਹਿੱਸੇ ਆਇਆ, ਓਨਾ ਧਰਮ ਨਿਭਾਈਏ।

ਜਿਹੜੇ ਰਾਵੀ ਦਿਆਂ ਪੱਤਣਾਂ ਤੇ, ਮਾਰਦੇ ਆਵਾਜ਼ਾਂ,
ਮੋਏ ਮਿੱਤਰਾਂ ਦੇ ਨਾਲ ਆ ਜਾ ਅੱਖ ਤਾਂ ਮਿਲਾਈਏ।

ਭਾਵੇਂ ਆਰ ਅਤੇ ਪਾਰ, ਸਾਡਾ ਇੱਕੋ ਪਰਿਵਾਰ,
ਕੁਝ ਉਨ੍ਹਾਂ ਦੀ ਵੀ ਸੁਣੀਏ, ਤੇ ਆਪਣੀ ਸੁਣਾਈਏ।

ਵੇਖੀਂ ਸੁੱਕ ਜੇ ਨਾ ਆਸਾਂ, ਤੇ ਉਮੀਦਾਂ ਵਾਲਾ ਬਾਗ਼,
ਮਾਤਾ ਇੱਛਰਾਂ ਦੀ ਰੀਝ, ਆ ਜਾ ਪੂਰਨਾ ਪੁਗਾਈਏ।

ਸੁਣੇ ਦਿੱਲੀ ਤੇ ਲਾਹੌਰ, ਰੁੱਸੇ ਆਗਰਾ ਪਸ਼ੌਰ,
ਪੌਣੀ ਸਦੀ ਅੱਗ ਮੱਚੀ, ਹੁਣ ਏਸ ਨੂੰ ਬੁਝਾਈਏ।

ਸਾਡਾ ਅਣਖ਼ੀ ਹੈ ਦੁੱਲਾ, ਬੁੱਲ੍ਹਾ ਸੱਚ ਦਾ ਪੈਗ਼ਾਮ,
ਭੈਣ ਨਾਨਕੀ ਦੇ ਵੀਰ ਦਾ, ਸੁਨੇਹਾ ਵਰਤਾਈਏ।

ਅਸੀਂ ਹਾਥੀਆਂ ਦੇ ਪੈਰੀਂ ਬੱਝੇ, ਕਿਹੋ ਜਹੇ ਗੁਲਾਮ,
ਜਿਹੜੇ ਲਿੱਸਿਆਂ ਨੂੰ ਬਣ ਬਣ, ਸੂਰਮੇ ਵਿਖਾਈਏ।

❑

ਗ਼ਜ਼ਲ

ਰਾਵੀ ਪਾਰੋਂ ਅਸਦ ਅਮਾਨਤ*, ਗਾ ਕੇ ਲਾਹਵੇ ਜਾਲ਼ੇ।
ਸੁਰਖ਼ ਗੁਲਾਬਾਂ ਦੇ ਮੌਸਮ ਕਿਉਂ, ਫੁੱਲਾਂ ਦੇ ਰੰਗ ਕਾਲ਼ੇ।

ਕਿਰਤੀ ਦੇ ਹੱਥਾਂ ਨੂੰ ਕੜੀਆਂ, ਹੋਰ ਮੁਸੀਬਤਾਂ ਬੜੀਆਂ,
ਜੇ ਬੋਲੇ ਤਾਂ ਤੁਰਤ ਲਗਾਉਂਦੇ, ਜੀਭਾਂ ਉੱਪਰ ਤਾਲੇ।

ਸ਼ਹਿਰ ਸ਼ਿਕਾਗੋ ਵਰਗਾ ਨਕਸ਼ਾ, ਹਰ ਜ਼ਾਲਮ ਦੇ ਮੱਥੇ,
ਓਹੀ ਲਾਠੀ ਓਹੀ ਗੋਲ਼ੀ, ਕੀ ਗੋਰੇ ਕੀ ਕਾਲ਼ੇ।

ਹਾਕਮ ਹੁਕਮ ਚਲਾਉਣ ਦੀ ਖ਼ਾਤਰ, ਕੀ ਕੀ ਰੰਗ ਵਟਾਉਂਦੇ,
ਭੇਸ ਵਟਾਉਂਦੇ ਵਾਰੀ-ਵਾਰੀ, ਰਾਣੀ ਖਾਂ ਦੇ ਸਾਲ਼ੇ।

ਜ਼ਿੰਦਗੀ ਵਾਲਾ ਘੁੰਮਦਾ ਪਹੀਆ, ਲੀਹ ਤੋਂ ਲੱਥਿਆ ਸਾਡਾ,
ਕਿਸ ਜੰਗਲ ਨੂੰ ਤੁਰ ਪਏ ਸਾਰੇ ਜੋਗੀ ਅਕਲਾਂ ਵਾਲ਼ੇ।

ਬੱਤੀ ਦੰਦਾਂ ਅੰਦਰ ਜੀਭਾ, ਜੀਕੂੰ, ਜਾਨ ਬਚਾਉਂਦੀ,
ਇੰਜ ਕਿਉਂ ਲੱਗਦੈ, ਲੁਕਦੇ ਫਿਰਦੇ, ਹੱਕ ਸੱਚ ਦੇ ਰਖਵਾਲੇ।

ਹੁਣ ਤਾਂ ਕੁਰਸੀ ਮੇਜ਼ ਨਿਬੇੜੇ, ਰਣ ਭੂਮੀ ਦੇ ਰੌਲ਼ੇ,
ਮੈਂ ਕਿਉਂ ਹਾਲੇ ਚੁੱਕੀ ਫਿਰਦਾਂ, ਨੇਜ਼ੇ, ਛਵ੍ਹੀਆਂ, ਭਾਲੇ।

●

* ਪਾਕਿਸਤਾਨ ਦਾ ਲੋਕ ਗਾਇਕ ਅਸਦ ਅਮਾਨਤ ਅਲੀ

ਗ਼ਜ਼ਲ

ਕੀ ਦੱਸਾਂ ਕੀ ਦੱਸਾਂ ਯਾਰਾ, ਰਾਵੀ ਮੈਨੂੰ ਦੇਸ ਵਾਂਗ ਹੈ।
ਜਿੱਥੇ ਆਹ ਮੈਂ ਰਹਿੰਦਾ ਮਰਦਾਂ, ਇਹ ਤਾਂ ਸਭ ਪਰਦੇਸ ਵਾਂਗ ਹੈ।

ਬੇਦਖ਼ਲਾਂ ਵਿੱਚ ਮੇਰਾ ਨਾਵਾਂ, ਲਿਖਣਾ ਚਾਹੋ ਲਿਖ ਸਕਦੇ ਹੋ,
ਇਹ ਧਰਤੀ ਤਾਂ ਸਾਡੀ ਖ਼ਾਤਰ, ਬਿਲਕੁਲ ਪਾਟੇ ਖੇਸ ਵਾਂਗ ਹੈ।

ਸ਼ਿਵ ਤੇ ਫ਼ੈਜ਼ ਸੀ ਪੁਰਖ਼ੇ ਮੇਰੇ, ਕਾਦਰਯਾਰ ਸਵਾਸੀਂ ਰਮਿਆ,
ਆਹ ਜੋ ਸ਼ਬਦ ਸੁਣਾਂ, ਮੈਂ ਲਿਖਦਾਂ, ਰੂਹ ਤੇ ਨਕਲੀ ਵੇਸ ਵਾਂਗ ਹੈ।

ਬਾਬਰ ਵਾਲੀ ਜਾਬਰ ਚੱਕੀ, ਗੇੜ ਰਿਹਾਂ ਪਰ ਝੁਕਿਆ ਨਾ ਮੈਂ,
ਹੱਕ ਸੱਚ ਤੇ ਇਨਸਾਫ਼ ਦੀ ਖ਼ਾਤਰ, ਪੈ ਗਏ ਝੂਠੇ ਕੇਸ ਵਾਂਗ ਹੈ।

ਆਜ਼ਾਦੀ ਦੇ ਪਰਚਮ ਨੂੰ ਮੈਂ, ਇੱਕ ਦਿਨ ਪੁੱਛਿਆ, ਕਿੱਦਾਂ ਲੱਗਦੈ,
ਓਸ ਕਿਹਾ ਬੱਸ ਲਟਕ ਰਿਹਾਂ, ਪਰ, ਦਿਲ ਤਾਂ ਲੱਗੀ ਠੇਸ ਵਾਂਗ ਹੈ।

ਹਰ ਮੌਸਮ ਵਿੱਚ ਧੁੱਪੇ ਛਾਵੇਂ, ਮੀਂਹ ਕਣੀਆਂ ਬਰਫ਼ਾਨੀ ਰੁੱਤੇ,
ਵਣ ਹਰਿਆਲੇ ਨੂੰ ਜਿਉਂ ਕੱਜਣ, ਸ਼ਬਦ ਬਗੀਚਾ ਭੇਸ ਵਾਂਗ ਹੈ।

ਇਹ ਮਨ ਚੰਚਲ ਕੁੱਜੇ ਅੰਦਰ, ਸਗਲ ਸ੍ਰਿਸ਼ਟੀ ਪਾਉਣਾ ਚਾਹੇ,
ਸੱਚ ਪੁੱਛੋ ਤਾਂ ਮੇਰੀ ਹਾਲਤ, ਬਿਲਕੁਲ ਬਾਲ ਵਰੇਸ ਵਾਂਗ ਹੈ।

●

ਗ਼ਜ਼ਲ

ਸਾਡੇ ਹੁੰਦੇ ਸੁੰਦਿਆਂ ਪੰਜਾਬ ਗਿਆ ਠੱਗਿਆ।
ਠੱਗਿਆ ਵੀ ਏਦਾਂ ਸਾਨੂੰ ਪਤਾ ਵੀ ਨਾ ਲੱਗਿਆ।

ਥਾਲ਼ੀ ਵਿੱਚ ਰੋਟੀ ਸੀ ਚਪਾਤੀ ਕਦੋਂ ਬਣ ਗਈ,
ਛੋਲਿਆਂ ਤੋਂ ਚਨੇ ਕਿੱਦਾਂ ਬਣੇ ਢੋਰਾ ਲੱਗਿਆ।

ਚੰਗੇ ਭਲੇ ਚੌਲ ਤੇਰੇ ਚਾਵਲਾਂ 'ਚ ਰਲ਼ ਗਏ,
ਖਾਈ ਜਾਹ ਗੁਤਾਵਾ ਤੂੰ, ਪੰਜਾਬੀਆ ਓ ਢੱਗਿਆ।

ਤੈਨੂੰ ਵੀ ਬਣਾਉਣਗੇ ਇਹ ਹੋਰ ਦਾ ਹੀ ਹੋਰ ਕੁਝ,
ਵੈਰੀਆਂ ਦੀ ਅੱਖ ਹੁਣ ਤੇਰੇ ਉੱਤੇ ਝੱਗਿਆ।

ਤੇਰੇ ਜਹੇ ਮਸ਼ੀਨਾਂ 'ਚ ਹਜ਼ਾਰਾਂ ਸਾਜ਼ ਕੈਦ ਨੇ,
ਵੱਜੇਂਗਾ ਤੂੰ ਕਿੱਦਾਂ ਹੁਣ ਢੋਲ ਉੱਤੇ ਡੱਗਿਆ।

ਤੇਰੀਆਂ ਉਡਾਰੀਆਂ ਦੇ ਨਾਲ ਸਿੱਧਾ ਵੈਰ ਹੈ,
ਕੱਟ ਦੇ ਤੂੰ ਨਸ਼ਿਆਂ ਦਾ ਜਾਲ ਸ਼ੇਰ ਬੱਗਿਆ।

ਵੇਖ ਲੈ ਸਰ੍ਹਾਲ* ਤੇਰੀ ਰੱਤ ਨੂੰ ਡਕਾਰਿਆ,
ਨੌਂ ਮਣ ਰੇਤ ਸੁੱਕੀ ਮੋਇਉਂ ਪੁੱਤ ਜੱਗਿਆ।

●

*ਰੱਤ ਪੀਣਾ ਰੀਂਘਣਹਾਰਾ ਜੀਵ

❑

ਗ਼ਜ਼ਲ

ਤੱਕ ਲੈ ਬੁੱਲ੍ਹਿਆ ਧਰਮਾਂ ਵਾਲੇ, ਕੈਸੀ ਅਮਰਵੇਲ ਨੇ ਘੇਰੇ।
ਧਰਮਸਾਲ ਵਿੱਚ ਵੱਜਦੇ ਧਾੜੇ, ਬੁੱਢੇ ਚੋਰ ਮਸੀਤੀਂ ਡੇਰੇ।

ਹੁਕਮਰਾਨ ਦੀ ਛਤਰੀ ਥੱਲੇ, ਸਬਜ਼ ਕਬੂਤਰ ਕਰਨ ਗੁਟਰਗੂੰ,
ਹਰੀਅਲ ਜਿਹੜੀ ਬੋਲੀ ਬੋਲਣ, ਬਿਲਕੁਲ ਸਮਝ ਪਵੇ ਨਾ ਮੇਰੇ।

ਔਂਸੀਆਂ ਪਾ ਕੇ ਕੌਣ ਉਡੀਕੇ, ਰਿਸ਼ਤੇ ਬਣੇ ਮਸ਼ੀਨੀ ਵਸਤੂ,
ਚੂਰੀ ਕਿਸ ਨੂੰ ਕੁੱਟ ਕੇ ਪਾਈਏ, ਹੁਣ ਨਾ ਬਹਿੰਦੇ ਕਾਗ ਬਨੇਰੇ।

ਉਲਝ ਗਈ ਹੈ ਤਾਣੀ ਏਨੀ, ਲੱਭਦਾ ਹੀ ਨਾ ਤਾਣਾ-ਪੇਟਾ,
ਕੱਲ੍ਹਿਆਂ ਇਹ ਸੁਲਝਾਉਣੀ ਔਖੀ, ਨਾ ਵੱਸ ਤੇਰੇ ਨਾ ਵੱਸ ਮੇਰੇ।

ਧਰਮ ਅਤੇ ਇਖ਼ਲਾਕ ਦੇ ਰਾਖੇ, ਬਣ ਬੈਠੇ ਨੇ ਸ਼ਸਤਰਧਾਰੀ,
ਦਾਨਿਸ਼ਵਰ ਦੀ ਦਾਨਿਸ਼ ਨੂੰ ਹੁਣ, ਪੈ ਗਏ ਚਾਰ ਚੁਫ਼ੇਰਿਓਂ ਘੇਰੇ।

ਧਰਤੀ ਦੇ ਸਭ ਮਾਲ ਖ਼ਜ਼ਾਨੇ, ਲੁੱਟਣ ਪੁੱਟਣ ਵਾਲਾ ਟੋਲਾ,
ਦੇਸ਼ ਦੀ ਮੰਦੜੀ ਹਾਲਤ ਕਰਕੇ, ਮਣ ਮਣ ਮੋਟੇ ਅੱਥਰੂ ਕੇਰੇ।

ਤਨ ਤਾਂ ਏਥੇ, ਮਨ ਪਰਦੇਸੀ, ਸਾਰਾ ਵਤਨ ਪਰਾਇਆ ਜਾਪੇ,
ਝੂਠਾ ਝੂਠਾ ਸੂਰਜ ਲੱਗਦੈ, ਲਹਿੰਦਾ ਚੜ੍ਹਦਾ ਸ਼ਾਮ ਸਵੇਰੇ।
●

❑

ਗ਼ਜ਼ਲ

ਦੇਸ ਪੰਜਾਬ ਦੇ ਬਰਖ਼ੁਰਦਾਰਾ ਆਪਣੀ ਸੁਰਤ ਸੰਭਾਲ਼ ਦੂਲਿਆ।
ਤੇਰੇ ਚਾਰ ਚੁਫ਼ੇਰੇ ਤਣਿਆ, ਸ਼ਹਿਰੀ ਤੰਦੂਆ ਜਾਲ਼ ਦੂਲਿਆ।

ਮਿਰਜ਼ੇ ਪਿੱਛੇ ਵਾਹਰ ਪਈ ਹੈ, ਵੰਨ ਸੁਵੰਨੇ ਦੁਸ਼ਮਣ ਲੱਖਾਂ,
ਸਿਰੋਂ ਮੜਾਸਾ ਲੱਥਿਆ ਤੱਕ ਲੈ, ਗਲ ਵਿੱਚ ਉਲਝੇ ਵਾਲ਼ ਦੂਲਿਆ।

ਬੀਨ, ਬੰਸਰੀ, ਢੱਡ ਸਾਰੰਗੀ, ਤੂੰਬਾ ਵੰਝਲੀ ਵਾਜਾਂ ਮਾਰੇ,
ਆ ਜਾ ਵੇ ਮੇਰੇ ਲਾਡਾਂ ਜਾਇਆ, ਖ਼ੁਸ਼ਬੂ ਆਣ ਸੰਭਾਲ਼ ਦੂਲਿਆ।

ਰੇਤਲਿਆਂ ਟਿੱਬਿਆਂ ਵਿਚ ਗੋਕੇ ਘਿਓ ਨੂੰ ਜ਼ਾਲਮ ਰੋੜ੍ਹੀ ਜਾਂਦੇ,
ਹਾਕਮ ਪੱਥਰ ਚਿੱਤ ਨੇ ਹੋ ਗਏ, ਹੋ ਗਿਆ ਮੰਦੜਾ ਹਾਲ ਦੂਲਿਆ।

ਘਰ ਦੀ ਕੁੰਜੀ ਖੋਹ ਕੇ ਸਾਥੋਂ, ਬਾਗ ਘੇਰਿਆ ਮੁਗਲਾਂ ਸਾਡਾ,
ਵੰਡ ਰਹੇ ਨੇ ਆਪਣਿਆਂ ਨੂੰ, ਜਿਉਂ ਚੋਰੀ ਦਾ ਮਾਲ ਦੂਲਿਆ।

ਸਤਿਲੁਜ ਸਣੇ ਬਿਆਸ ਤੇ ਰਾਵੀ ਵਿੱਸਰ ਗਏ ਨੇ ਤੈਨੂੰ ਕਿਉਂ ਵੇ,
ਤੂੰ ਜਿੰਨ੍ਹਾਂ ਤੋਂ ਤੁਰਨਾ ਸਿੱਖਿਆ, ਭੁੱਲਿਉਂ ਅਸਲੀ ਚਾਲ ਦੂਲਿਆ।

ਸ਼ੇਰ ਦੀਆਂ ਮਾਰਾਂ ਤੇ ਜਦ ਵੀ ਵੇਖਾਂ ਗਿੱਦੜ ਕਰਨ ਕਲੋਲਾਂ,
ਇੰਜ ਕਿਉਂ ਲੱਗਦੈ ਮੈਨੂੰ ਪੁੱਤਰਾ, ਕਰਦਾ ਕੋਈ ਹਲਾਲ ਦੂਲਿਆ।

●

❑

ਗ਼ਜ਼ਲ

ਖ਼ੁਸ਼ੀਆਂ ਖੇੜੇ ਘਰ ਨਾ ਪਰਤੇ, ਮੁੱਕਿਆ ਨਾ ਬਨਵਾਸ ਅਜੇ ਵੀ।
ਜੰਮ ਕੇ ਜ਼ੁਲਮ ਕਰਨ ਜਰਵਾਣੇ, ਛੁੱਟਣ ਦੀ ਨਾ ਆਸ ਅਜੇ ਵੀ।

ਚੂੰਡ ਚੂੰਡ ਕੇ ਖਾਧਾ ਪਹਿਲਾਂ, ਭੇਸ ਬਦਲ ਮੁੜ ਆ ਗਏ ਬੂਹੇ,
ਰੱਤੀ ਰੱਤ ਨਾ ਛੱਡੀ ਤਨ ਦੀ, ਬਣਦੇ ਖ਼ਾਸ ਮ ਖ਼ਾਸ ਅਜੇ ਵੀ।

ਆਜ਼ਾਦੀ ਦਾ ਪਰਚਮ ਪੁੱਛੇ, ਰੂਹ ਨਹੀਂ ਮੰਨਦੀ ਕਿੰਜ ਲਹਿਰਾਵਾਂ,
ਰੀਝਾਂ, ਸੁਪਨੇ ਇਸ ਧਰਤੀ ਦੇ ਹੋਏ ਨਾ ਬੰਦ-ਖਲਾਸ ਅਜੇ ਵੀ।

ਤੁਰਕ, ਮੰਗੋਲ, ਮੁਗਲ ਤੇ ਮਗਰੋਂ ਗੋਰੇਸ਼ਾਹੀ ਤੇ ਹੁਣ ਸਾਡੇ,
ਹਾਕਮ, ਹੁਕਮ, ਹਕੂਮਤ ਬਿਲਕੁਲ, ਓਹੀ ਬਚਨ -ਬਿਲਾਸ ਅਜੇ ਵੀ।

ਕਿੰਨੇ ਹੀ ਗੁਰ -ਪੀਰ ਧਿਆਏ, ਚੰਗੇ ਦਿਨ ਪਰਤੇ, ਨਾ ਆਏ,
ਧਰਤੀ, ਪੁੱਤਰ, ਧੀਆਂ ਦੇ ਤਾਂ ਗਹਿਣੇ ਸਗਲ ਸਵਾਸ ਅਜੇ ਵੀ।

ਊਚ ਨੀਚ ਦੇ ਸਬਕ ਪੁਰਾਣੇ, ਚਾਅ ਤੇ ਵਸਤਰ ਅੱਧੋਰਾਣੇ,
ਲਿੱਸਿਆਂ ਦੇ ਲਈ ਅੱਜ ਵੀ ਅੱਡਰੇ ਥਾਲ਼ੀ ਕੌਲ ਗਲਾਸ ਅਜੇ ਵੀ।

ਕੱਚੇ ਘਰ ਦੇ ਕੁਣਕੇ ਦਾ ਰੰਗ ਅੱਜ ਵੀ ਪੱਕਿਆਂ ਨਾਲ ਨਾ ਰਲ਼ਦਾ,
ਪੱਕੇ ਮਿੱਠੇ ਦੀ ਥਾਂ ਓਥੇ, ਪੈਂਦੀ ਗੁੜ ਦੀ ਚਾਸ ਅਜੇ ਵੀ।

ਦਾਣਾ ਦਾਣਾ ਮੰਡੀ ਵਿਕਿਆ, ਖ਼ੂਹ ਦੀ ਮਿੱਟੀ ਖ਼ੂਹ ਨੇ ਖਾਧੀ,
ਪਏ ਭੜੋਲੇ ਸੱਖਣੇ, ਫਿਰ ਵੀ, ਵਿਕਦੀ ਹੈ ਸਲਫ਼ਾਸ ਅਜੇ ਵੀ।

ਨਾਲ ਹਨ੍ਹੇਰ ਲੜਾਈ ਸਾਡੀ, ਮੁੱਕਣ ਤੀਕ ਜਗਣ ਦਾ ਵਾਅਦਾ,
ਇਸ ਮਿੱਟੀ ਦੇ ਦੀਵੇ ਉੱਪਰ ਮੇਰਾ ਹੈ ਵਿਸ਼ਵਾਸ ਅਜੇ ਵੀ।

●

ਗ਼ਜ਼ਲ

ਜ਼ਾਲਮ ਦੇ ਹੱਥ ਡੋਰ ਸਮੇਂ ਦੀ ਸਰਹੰਦ ਦਾ ਵਿਸਥਾਰ ਹੋ ਗਿਆ।
ਕਿਸ ਦੇ ਦਰ ਤੇ ਦਸਤਕ ਦੇਵਾਂ, ਹਰ ਬੂਹਾ ਦੀਵਾਰ ਹੋ ਗਿਆ।

ਔਰੰਗਜ਼ੇਬ ਅਜੇ ਵੀ ਜੀਵੇ, ਤੇਰੇ ਮੇਰੇ ਸਭ ਦੇ ਅੰਦਰ,
ਸੁਪਨੇ ਨੀਹਾਂ ਦੇ ਵਿਚ ਚਿਣਦੈ, ਹਰ ਬੰਦਾ ਸਰਕਾਰ ਹੋ ਗਿਆ।

ਰਾਤ ਗਈ, ਤਾਰੇ ਵੀ ਤੁਰ ਗਏ, ਸੂਰਜ ਚੜ੍ਹਿਆ,ਉਹ ਨਾ ਆਇਆ,
ਜਿਸਨੂੰ ਲੱਭਦੇ ਉਮਰ ਗਵਾਚੀ, ਸੱਤ ਸਮੁੰਦਰ ਪਾਰ ਹੋ ਗਿਆ।

ਨਰਮ ਕਰੂੰਬਲ ਸੱਜਰੀ ਕੋਮਲ, ਦਰਦ ਦਿਲੇ ਦਾ ਬੋਟ ਜਿਹਾ ਸੀ,
ਹੁਣ ਤਾਂ ਮੁਸ਼ਕਿਲ ਕਾਬੂ ਕਰਨਾ, ਇਹ ਤਾਂ ਬਹੁਤ ਉਡਾਰ ਹੋ ਗਿਆ।

ਮਾਂ ਬੋਲੀ ਮਾਂ ਧਰਤੀ ਤੀਜੀ ਮਾਤਾ ਮੇਰੀ ਪੁੱਛਦੀ ਮੈਨੂੰ,
ਪਹਿਰੇਦਾਰਾ! ਤੇਰੇ ਹੁੰਦਿਆਂ, ਤਾਣਾ ਤਾਰੋ -ਤਾਰ ਹੋ ਗਿਆ।

ਵੇਚੇ ਨਾਅਰੇ, ਲਾਰੇ ਕਿੰਨੇ, ਉੱਡਣੇ ਪੰਛੀ ਪਿੰਜਰੇ ਤਾੜੇ,
ਮੇਰੇ ਅੰਦਰ ਬੈਠਾ ਹਾਕਮ, ਕਿੰਨਾ ਤੇਜ਼ ਤਰਾਰ ਹੋ ਗਿਆ।

ਚਾਂਦੀ ਵਾਲਾ ਗੋਲ ਰੁਪਈਆ, ਬਣਿਆ ਸਭ ਦਾ ਬਾਬਲ ਮੱਈਆ,
ਅਣਖ਼ ਗੁਆ ਕੇ ਕਣਕਾਂ ਬਦਲੇ, ਬੰਦਾ ਸਿਰ ਦੇ ਭਾਰ ਹੋ ਗਿਆ।

❑

ਗ਼ਜ਼ਲ

ਪਾਕਿ ਪਟਨ ਮੈਂ ਆ ਨਹੀਂ ਸਕਿਆ ਆਪਣੇ ਪਿੰਡ ਤੋਂ ਯਾਰ ਫ਼ਰੀਦਾ।
ਚੰਗਾ ਕੀਤਾ, ਦਰਸ਼ਨ ਦਿੱਤੇ ਲਹਿ ਗਿਆ ਰੂਹ ਤੋਂ ਭਾਰ ਫ਼ਰੀਦਾ।

ਅੱਠ ਸਦੀਆਂ ਸੌਂ ਬਾਦ ਅਜੇ ਵੀ ਮਾਂ ਬੋਲੀ ਗੋਲੀ ਦੀ ਗੋਲੀ,
ਸਾਡੇ ਹਾਕਮ ਨੂੰ ਸਮਝਾਈਂ ਜੋੜੀਂ ਟੁੱਟੀ ਤਾਰ ਫ਼ਰੀਦਾ।

ਵੇਦ ਕਤੇਬ ਸੁਣਾ ਕੇ ਸਾਨੂੰ, ਲੈਣ ਪਦਾਰਥ ਸ਼ਰਧਾ ਬਦਲੇ,
ਪੰਡਿਤ ਮੁੱਲਾਂ ਭਾਈਆਂ ਨੂੰ ਕਹਿ, ਧਰਮ ਨਹੀਂ ਰੁਜ਼ਗਾਰ ਫ਼ਰੀਦਾ।

ਰਾਜ ਕਰਦਿਆਂ ਲੋਕਾਂ ਨੇ ਹੁਣ,ਸਗਲ ਪੁਜਾਰੀ ਕੀਲ ਬਿਠਾਏ,
ਮਰਯਾਦਾ ਤੇ ਸ਼ਰਮ ਵਿਸਾਰੀ, ਕਰਦੇ ਮਾਰੋ ਮਾਰ ਫ਼ਰੀਦਾ।

ਧਰਮਸਾਲ ਚੋਂ ਧਰਮ ਗੁਆਚਾ, ਸ਼ਬਦ ਹਨ੍ਹੇਰੇ ਅੰਦਰ ਡੁੱਬਿਆ,
ਸਿਰ ਬੱਧੀ ਦਸਤਾਰ ਪਾਟ ਹਈ, ਚੁੰਨੀ ਤਾਰੋ ਤਾਰ ਫ਼ਰੀਦਾ।

ਸ਼ੱਕਰ ਗੰਜ ਨੂੰ ਮੁਸਲਿਮ ਆਖਣ, ਮੈਨੂੰ ਸਿੱਖ, ਈਸਾਈ, ਹਿੰਦੂ,
ਕਿੱਥੋਂ ਕਿੱਧਰ ਤੁਰ ਪਏ ਸਾਰੇ, ਇਹ ਮੇਰੇ ਮਨ ਭਾਰ ਫ਼ਰੀਦਾ।

ਤੇਰੇ ਤੋਂ ਦੱਸ ਕਾਹਦਾ ਓਹਲਾ, ਕੂੜਾ ਵਣਜ ਵਿਹਾਜ ਰਹੇ ਹਾਂ,
ਭਟਕਣ ਵਿੱਚ ਹੈ ਏਸੇ ਕਰਕੇ, ਸਾਡਾ ਦਿਲ -ਦਰਬਾਰ ਫ਼ਰੀਦਾ।

ਤੇਰੀ ਬਖ਼ਸ਼ੀ ਮਿੱਠੀ ਬਾਣੀ, ਮਾਖਿਉਂ ਹੈ ਵਿਸਮਾਦ ਸਦੀਵੀ,
ਤਾਂਹੀਂਉਂ ਹਰ ਪਲ ਤਾਰ ਟੁਣਕਦੀ, ਰੂਹ ਦੇ ਅੰਦਰਵਾਰ ਫ਼ਰੀਦਾ।

ਬਾਬਾ ! ਤੂੰ ਤੇ ਸ਼ਬਦ ਹਿਮਾਲਾ, ਪਹਿਲ ਪਲੇਠੀ ਨੂਰੀ ਟੀਸੀ,
ਜਿੰਨੀ ਵਾਰ ਪੜ੍ਹਾਂ ਜਾਂ ਸੁਣਦਾਂ, ਮੈਂ ਜਾਵਾਂ ਬਲਿਹਾਰ ਫ਼ਰੀਦਾ।

●

❏

.ਗ਼ਜ਼ਲ

ਮਾਂ ਤੇਰੇ ਦਰਦਾਂ ਨੇ ਦੱਸਿਐ, ਉੱਜੜਿਆਂ ਦੇ ਘਰ ਨਹੀਂ ਹੁੰਦੇ।
ਘਰ ਜੇ ਹੋਵਣ ਉਨ੍ਹਾਂ ਦੇ ਫਿਰ, ਖੁੱਲ੍ਹਦੇ ਕੱਲ੍ਹਿਆਂ ਦਰ ਨਹੀਂ ਹੁੰਦੇ।

ਡਾਰੋਂ ਵਿੱਛੜੀ ਕੂੰਜ ਇਕੱਲ੍ਹੀ, ਜੀਵੇ ਤਾਂ ਕਿਸ ਆਸ ਤੇ ਜੀਵੇ,
ਪੀੜਾਂ ਵਿੰਨ੍ਹੇ ਪੰਛੀ ਪੱਲੇ, ਉੱਡਣ ਜੋਗੇ ਪਰ ਨਹੀਂ ਹੁੰਦੇ।

ਚਿੜੀਆਂ ਮੌਤ ਗੰਵਾਰਾਂ ਹਾਸਾ ਮਹਿੰਗੇ ਮੋਤੀ ਅੱਖ ਦੇ ਅੱਥਰੂ,
ਬੇਕਦਰੇ ਪੱਥਰਾਂ ਦੇ ਅੱਗੇ, ਮੈਥੋਂ ਐਵੇਂ ਧਰ ਨਹੀਂ ਹੁੰਦੇ।

ਮੈਂ ਕੀ ਆਖਿਆ,ਤੂੰ ਕੀ ਸੁਣਿਆ,ਇਸ ਤੋਂ ਅੱਗੇ ਪੁੱਛ ਨਾ ਮੈਨੂੰ,
ਹੰਝੂਆਂ ਦਾ ਅਨੁਵਾਦ ਕਰਦਿਆਂ ਐਵੇਂ ਹੌਕੇ ਭਰ ਨਹੀਂ ਹੁੰਦੇ।

ਪੀੜਾਂ ਦੇ ਇਹ ਢੇਰ ਪੁਰਾਣੇ ਸਿਖ਼ਰ ਚੋਟੀਆਂ ਵਾਲੇ ਪਰਬਤ,
ਤੁਰਨੋਂ ਪਹਿਲਾਂ ਥੱਕਿਆਂ ਕੋਲੋਂ ਸਾਰੀ ਉਮਰਾ ਸਰ ਨਹੀਂ ਹੁੰਦੇ।

ਰੂਹ ਵਿੱਚ ਤੜਫ਼ੇ ਕਿੰਨਾ ਕੁਝ ਹੀ, ਲਾਵਾ ਇਸਦੇ ਹੇਠਾਂ ਜਾਪੇ,
ਕਾਗ਼ਜ਼ ਦੀ ਬੇੜੀ ਦੇ ਕੋਲੋਂ ਦਰਦ-ਸਮੁੰਦਰ ਤਰ ਨਹੀਂ ਹੁੰਦੇ।

ਆ ਜਾ ਸੁਰਤਿ ਇਕਾਗਰ ਕਰੀਏ, ਪਾਈਏ ਬਾਤ, ਹੁੰਗਾਰਾ ਭਰੀਏ,
ਰੂਹ ਤੋਂ ਰੂਹ ਵਿਚਕਾਰ ਦੇ ਪੈਂਡੇ ਦੋਚਿੱਤੀ ਵਿੱਚ ਕਰ ਨਹੀਂ ਹੁੰਦੇ।

●

ਗ਼ਜ਼ਲ

ਵੱਖੋ ਵੱਖਰੀ ਜੜ੍ਹ ਹੈ ਭਾਵੇਂ, ਇੱਕ ਮਿੱਟੀ ਦੇ ਜਾਏ ਹਾਂ।
ਕਿਹੜਾ ਦੱਸ ਨਿਖੇੜੂ ਸਾਨੂੰ, ਸਦੀਆਂ ਤੋਂ ਹਮਸਾਏ ਹਾ।

ਇੱਕ ਦੂਜੇ ਦੀ ਗਲਵੱਕੜੀ ਵਿੱਚ, ਕਿੰਨਾ ਕੁਝ ਹੈ ਦੱਸੀਏ ਕੀ,
’ਕੱਲ੍ਹੇ ’ਕੱਲ੍ਹੇ ਮਰ ਨਾ ਜਾਇਓ, ਇਹ ਹੀ ਦੱਸਣ ਆਏ ਹਾਂ।

ਮਾਂ ਧਰਤੀ ਦੇ ਅੰਗ ਸੰਗ ਰਹਿਣੈਂ, ਹਰ ਮੌਸਮ ਵਿਚ ਨਿਭਣਾ ਹੈ,
ਬੀਜ ਨਾਲ ਇਹ ਪੱਕਾ ਕਾਗਤ ਧੁਰੋਂ ਲਿਖਾ ਕੇ ਲਿਆਏ ਹਾਂ।

ਪੱਤ ਹਰਿਆਲੇ ਜਦ ਝੜ ਜਾਂਦੇ, ਨਾ ਡਰਦੇ ਨਾ ਕੰਬਦੇ ਜੀ,
ਸਾਡੇ ਵੀ ਤਾਂ ਦੁਸ਼ਮਣ ਚੋਖੇ, ਕਦੇ ਵੀ ਨਾ ਘਬਰਾਏ ਹਾਂ।

ਪੱਤਝੜ ਮਗਰੋਂ ਫੇਰ ਫੁਟਾਰਾ, ਹਰ ਟਾਹਣੀ ਤੋਂ ਗੀਤ ਸੁਣੋ,
ਅੰਤਰ ਧਿਆਨ ਕਰੋ ਤੇ ਸੁਣ ਲਉ, ਅਨਹਦ ਰਾਗ ਲਿਆਏ ਹਾਂ।

ਸਬਰ, ਸਮਰਪਣ, ਸਿਦਕੀ ਸੇਵਾ, ਸਾਰੇ ਸੰਗੀਓ ਸਿੱਖ ਲਵੋ,
ਧੁੱਪਾਂ ਸਹੀਏ, ਵੰਡੀਏ ਛਾਵਾਂ, ਕਦੇ ਨਹੀਂ ਪਛਤਾਏ ਹਾਂ।

ਪੱਤ ਪਤਰਾਲ ਨੇ ਭਾਵੇਂ ਖਹਿੰਦੇ, ਸਾਨੂੰ ਕੁਝ ਨਾ ਕਹਿ ਸਕਦੇ,
ਸਾਡੇ ਵਿੱਚ ਏਕਾ ਹੈ ਤਾਹੀਂਉਂ, ਇੱਕ ਸਾਹ ਹੋ ਲਹਿਰਾਏ ਹਾਂ।

❏

ਗ਼ਜ਼ਲ

ਏਸ ਆਜ਼ਾਦੀ ਅੱਥਰੂ ਦਿੱਤੇ, ਜਸ਼ਨ ਮਨਾ ਨਹੀਂ ਹੋਇਆ।
ਅੱਖੀਆਂ ਦੀ ਮਜਬੂਰੀ, ਮੈਥੋਂ ਹੰਝ ਲੁਕਾ ਨਹੀਂ ਹੋਇਆ।

ਖਾ ਗਏ ਲੱਖ ਕਰੋੜਾਂ ਰੀਝਾਂ, ਤਖ਼ਤਾਂ ਤਾਜਾਂ ਵਾਲੇ,
ਸਾਥੋਂ ਇੱਕ ਵੀ ਹੋਕਾ ਦਿਲ ਵਿਚ, ਦਰਦ ਪਕਾ ਨਹੀਂ ਹੋਇਆ।

ਆਈ ਵਿਸਾਖੀ, ਢੋਲ ਵਜਾਵੇਂ, ਚਾਹਵੇਂ ਰਲ਼ ਕੇ ਨੱਚੀਏ,
ਤੇਰੇ ਨਾਲ ਕਦੇ ਵੀ ਮਨ ਦਾ ਮੋਰ ਨਚਾ ਨਹੀਂ ਹੋਇਆ।

ਤੇਰੇ ਤੋਂ ਇਨਸਾਫ਼ ਮਿਲੇਗਾ, ਹੁਣ ਤਾਂ ਰੂਹ ਨਾ ਮੰਨੇ,
ਧੱਕੇ ਜਰਦੇ ਜਰਦੇ ਮੈਥੋਂ, ਮਨ ਸਮਝਾ ਨਹੀਂ ਹੋਇਆ।

ਲਾਰੇ ਲਾਵੇਂ, ਤੇਰੇ ’ਤੇ ਵਿਸ਼ਵਾਸ ਕਰੇ ਹੁਣ ਕਿਹੜਾ,
ਤੈਥੋਂ ਵੀ ਤਾਂ ਅੱਜ ਤੱਕ ਇੱਕ ਵੀ ਬੋਲ ਪੁਗਾ ਨਹੀਂ ਹੋਇਆ।

ਚਾਰ ਚੁਫ਼ੇਰੇ ਦੁਸ਼ਮਣ ਫੌਜਾਂ, ਜੇ ਤੂੰ ਅੱਜ ਹੈਂ ’ਕੱਲ੍ਹਾ,
ਤੈਥੋਂ ਵੀ ਤਾਂ ਆਪਣਾ ਟੱਬਰ, ਗਲ਼ ਨਾਲ ਲਾ ਨਹੀਂ ਹੋਇਆ।

ਦੇਸ਼ ਦੀ ਖ਼ਾਤਰ ਸੂਲੀ ਚੜ੍ਹ ਗਏ, ਅੰਬਰ ਤਾਰੇ ਬਣ ਗਏ,
ਸੂਰਮਿਆਂ ਦਾ ਅੱਜ ਤੱਕ ਸਾਥੋਂ ਕਰਜ਼ ਚੁਕਾ ਨਹੀਂ ਹੋਇਆ।

ਰਾਵੀ ਦੇ ਉਹ ਵਾਰ ਪਾਰ ਹੜ੍ਹ ਚੜ੍ਹਿਆ ਲੋਕੀਂ ਡੁੱਬੇ,
ਆਜ਼ਾਦੀ ਦਾ ਤੋਹਫ਼ਾ ਸਾਥੋਂ ਕਦੇ ਭੁਲਾ ਨਹੀਂ ਹੋਇਆ।

ਮੱਥੇ ਤੇ ਕਾਲਖ਼ ਦਾ ਟਿੱਕਾ ਲਾ ਗਿਆ ਸੰਨ ਸੰਤਾਲੀ,
ਪੌਣੀ ਸਦੀ ਗੁਜ਼ਾਰੇ ਕੇ ਸਾਥੋਂ ਇਹ ਵੀ ਲਾਹ ਨਹੀਂ ਹੋਇਆ।

●

❑

ਗ਼ਜ਼ਲ

ਖ਼ੂਨ ਜਿਗਰ ਦਾ ਪਾਉਣਾ ਪੈਂਦਾ, ਸ਼ਬਦ ਸਦਾ ਕੁਰਬਾਨੀ ਮੰਗਦੇ।
ਜੇ ਬੋਲੋ ਤਾਂ ਜਾਨ ਨੂੰ ਖ਼ਤਰਾ, ਨਾ ਬੋਲੋ ਤਾਂ ਸੂਲੀ ਟੰਗਦੇ।

ਹਰ ਪਲ ਜੀਕੂੰ ਇਮਤਿਹਾਨ ਹੈ, ਰਹਿਣਾ ਪੈਂਦੇ ਇੱਕੋ ਲੱਤ ’ਤੇ,
ਚੌਂਕੀਦਾਰ ਤੋਂ ਸਖ਼ਤ ਨੌਂਕਰੀ, ਫ਼ਿਕਰ ਚੁਫ਼ੇਰਿਓਂ ਰਹਿੰਦੇ ਡੰਗਦੇ।

ਖਿੱਲਰੇ ਪੁੱਲਰੇ ਸੁਪਨ ਹਜ਼ਾਰਾਂ, ਸ਼ਬਦਾਂ ਨੂੰ ਮੈਂ ਰਹਾਂ ਸੌਂਪਦਾ,
ਦਿਨ ਤੇ ਰਾਤ ਮੈਂ ਚੁਗਦਾ ਰਹਿੰਦਾ, ਖਿੱਲਰੇ ਟੋਟੇ ਰੰਗਲੀ ਵੰਗ ਦੇ।

ਮਸ਼ਕ ਘਨੱਈਏ ਵਾਲੀ, ਮੇਰੇ ਸ਼ਬਦ ਉਸੇ ਪਲ ਬਣ ਜਾਂਦੇ ਨੇ,
ਵਤਨਾਂ ਦੀ ਰਖਵਾਲੀ ਕਹਿ ਕੇ, ਬਣਨ ਆਸਾਰ ਜਦੋਂ ਵੀ ਜੰਗ ਦੇ।

ਇਹ ਵੈਰੀ ਨੇ ਮਾਨਵਤਾ ਦੇ, ਤਾਰ ਤਾਰ ਫੁਲਕਾਰੀਆਂ ਕਰਦੇ,
ਜੋ ਕਹਿੰਦੇ ਨੇ ਵਤਨ ਹਮਾਰਾ, ਹੋ ਜਾਉ ਸਾਰੇ ਇੱਕੋ ਰੰਗ ਦੇ।

ਸੱਚ ਪੁੱਛੋ ਤਾਂ ਤੋਰੀ ਫਿਰਦੀ, ਮਿਰਗ ਨੂੰ ਜੀਕਣ ਗੰਧ ਕਥੂਰੀ,
ਸ਼ਬਦ ਬਿਨਾ ਮੈਂ ਰੁਲ਼ ਜਾਣਾ ਸੀ, ਜ਼ਿੰਦਗੀ ਜਾਂਦੀ ਭਾੜੇ ਭੰਗ ਦੇ।

ਦੇਸ਼ ਆਜ਼ਾਦ ਭਲਾ ਕੀ ਹੋਇਆ, ਮੇਰੀ ਰਾਵੀ ਹੋ ਗਈ ਟੁਕੜੇ,
ਪਹਿਲੀ ਵਾਰੀ ਤੱਕਿਆ ਜੱਗ ਨੇ, ਏਨੇ ਟੋਟੇ ਇੱਕੋ ਅੰਗ ਦੇ।

●

❑

.ਗ਼ਜ਼ਲ

ਚਾਲ ਸਮੇਂ ਦੀ ਪੁੱਠੀ ਤੁਰ ਪਈ, ਸੁਣ ਲਓ ਅਜਬ ਕਹਾਣੀ।
ਵਲੀ ਕੰਧਾਰੀ ਵੇਚ ਰਿਹਾ ਏ, ਬੋਤਲ ਵਿੱਚ ਬੰਦ ਪਾਣੀ।

ਆਪਣੇ ਪਿੰਡ ਨੂੰ ਛੱਡ ਆਇਆ ਹੁਣ, ਸ਼ਹਿਰ ਦਿਹਾੜੀ ਕਰਦਾ,
ਨਲਕੀ ਵਾਂਗ ਜ਼ੁਲਾਹਾ ਭਟਕੇ, ਪੱਲੇ ਤੰਦ ਨਾ ਤਾਣੀ।

ਕਣਕੋਂ ਸਾਂਵੇਂ ਵਿਕਦੇ ਨੇ ਹੁਣ, ਇਸ ਮੰਡੀ ਵਿੱਚ ਬੰਦੇ,
ਅਣਖ਼ ਦੀ ਰੋਟੀ ਦੱਸੋ ਏਥੇ, ਕਿਸ ਪਕਾ ਕੇ ਖਾਣੀ।

ਖ਼ੂਨ ਪੀਣੀਆਂ ਜੋਕਾਂ ਬਣ ਗਏ, ਵੈਦ ਹਕੀਮ ਸਿਆਸੀ,
ਵਾੜ ਖੇਤ ਦੀ ਰਾਖੀ ਦੀ ਥਾਂ ਬਣ ਗਈ ਆਦਮ ਖਾਣੀ।

ਖ਼ਤਰੇ ਵਿੱਚ ਬਲਿਹਾਰੀ ਕੁਦਰਤ, ਵੰਨ ਸੁਵੰਨਤਾ ਤੜਫ਼ੇ,
ਕੈਂਚੀ ਵੱਸ ਫੁਲਕਾਰੀ ਪੈ ਗਈ, ਸਮਝੋ ਖ਼ਤਮ ਕਹਾਣੀ।

ਢਾਹ ਕੇ ਵਤਨ ਬਣਾਉਣਾ ਚਾਹੁੰਦੇ, ਠੇਕੇਦਾਰ ਅਜਬ ਨੇ,
ਜ਼ਿੰਦਗੀ ਪੈ ਗਈ ਉਸਤਰਿਆ ਵੱਸ, ਨੀਤ ਜਿੰਨ੍ਹਾਂ ਦੀ ਕਾਣੀ।

ਰਾਹਬਰ ਟੱਕਰੇ ਸਾਨੂੰ ਤਾਂ ਹਰ ਮੋੜ ਤੇ ਰਾਹਜ਼ਨ ਬਣ ਕੇ,
ਚੰਗੀ ਲੱਗਣ ਲਾ ਦਿੱਤੀ ਜਿੰਨਾਂ ਲੰਡਨ ਦੀ ਮਹਾਂਰਾਣੀ।
●

❑

ਗ਼ਜ਼ਲ

ਨੰਗੇ ਪੈਰ ਤਾਂ ਰੱਦੀ ਚੁਗਦੇ ਗੱਜਿਆਂ ਮੋਢੇ ਬਸਤੇ ਨੇ।
ਇੱਕ ਤਾਂ ਪੜ੍ਹਨ ਸਕੂਲੀਂ ਚੱਲੇ ਲਿੱਸਿਆਂ ਦੇ ਵੱਖ ਰਸਤੇ ਨੇ।

ਮੇਰੇ ਦੇਸ਼ ਆਜ਼ਾਦ ਚ ਇੱਕੋ ਵੇਲੇ ਕਿੰਨੇ ਭਾਰਤ ਨੇ,
ਇਕਨਾਂ ਦੇ ਲਈ ਸਿੱਧੀਆਂ ਸੜਕਾਂ, ਬਾਕੀ ਚੌਂਕ ਚੁਰਸਤੇ ਨੇ।

ਹੁਕਮਰਾਨ ਦੀ ਕਾਲ਼ੀ ਐਨਕ ਵੇਖਣ ਤੋਂ ਇਨਕਾਰੀ ਜਾਪੇ,
ਕੁਰਸੀਧਾਰੀ ਅੰਨ੍ਹੇ ਬੋਲ਼ੇ ਵੇਖ ਲਉ ਕਿੰਨੇ ਮਸਤੇ ਨੇ।

ਕੁਝ ਲੋਕਾਂ ਦੀ ਹਸਤੀ ਤੇ ਖ਼ੁਦਪ੍ਰਸਤੀ ਦੋਵੇਂ ਆਟੇ ਭਾਅ,
ਕੱਚੇ ਘਰ ਦੇ ਕੜੀਆਂ ਬਾਲੇ ਸੁਪਨੇ ਕਿੰਨੇ ਸਸਤੇ ਨੇ।

ਸਾਡੇ ਪਿੰਡ ਦੇ ਛੱਪੜ ਅੰਦਰ ਡੁੱਬਦੇ ਤਰਦੇ ਕਿੰਨੇ ਚਾਅ,
ਗਿਣਨੋਂ ਬਾਹਰੇ ਰੀਝਾਂ ਸੁਪਨੇ ਕਿੰਨੇ ਸੂਰਜ ਅਸਤੇ ਨੇ।

ਇਹ ਤਾਂ ਅਮਨ ਕਾਨੂੰਨ ਦੇ ਰਾਖੇ ਸਾਡੇ ਕੁਝ ਵੀ ਲੱਗਦੇ ਨਾ,
ਵਰਦੀ ਧਾਰ ਬੰਦੂਕਾਂ ਵਾਲੇ ਇਹ ਜੋ ਫਿਰਦੇ ਦਸਤੇ ਨੇ।

ਪੌਣੀ ਸਦੀ ਗੁਜ਼ਾਰਨ ਮਗਰੋਂ ਮੁੜ ਕੇ ਕਿੱਥੇ ਫੇਰ ਖੜ੍ਹੇ,
ਆਜ਼ਾਦੀ ਦੇ ਬੂਹਿਆਂ ਵੱਲ ਨੂੰ ਜਾਂਦੇ ਕਿਹੜੇ ਰਸਤੇ ਨੇ।
●

ਗ਼ਜ਼ਲ

ਤੇਰੇ ਹੀ ਸਵਾਲਾਂ ਦਾ ਜਵਾਬ ਲੈ ਕੇ ਆਏ ਹਾਂ।
ਦਿਲ ਵਾਲੀ ਉੱਖੜੀ ਕਿਤਾਬ ਲੈ ਕੇ ਆਏ ਹਾਂ।

ਕਿੱਥੇ ਕਿੱਥੇ, ਕਿਹੜਾ ਕਿਹੜਾ, ਤੀਰ ਤਿੱਖਾ ਮਾਰਿਆ,
ਹੋਈ ਬੀਤੀ ਸਾਰੀ ਦਾ ਹਿਸਾਬ ਲੈ ਕੇ ਆਏ ਹਾਂ।

ਕੰਡਿਆਂ ਦੀ ਵਾੜ ਉਹਲੇ ਦੱਸ ਕਾਹਨੂੰ ਲੁਕਦੀ,
ਅਸੀਂ ਤੇਰੇ ਵਾਸਤੇ ਗੁਲਾਬ ਲੈ ਕੇ ਆਏ ਹਾਂ।

ਸੁੱਕਿਆ ਬਿਆਸ, ਸਤਿਲੁਜ ਵੀ ਉਦਾਸ ਹੈ,
ਹੰਝੂਆਂ ਦਾ ਰਾਵੀ ਤੇ ਚਨਾਬ ਲੈ ਕੇ ਆਏ ਹਾਂ।

ਆਂਦਰਾਂ ਦੀ ਡੋਰ ਵਿੱਚ ਦਰਦਾਂ ਦੇ ਮਣਕੇ,
ਵੇਖ ਨਜ਼ਰਾਨੇ ਕੀ ਜਨਾਬ ਲੈ ਕੇ ਆਏ ਹਾਂ।

'ਕੱਲ੍ਹਾ ਕੱਲ੍ਹਾ ਵਰਕਾ ਤੂੰ ਨੀਝ ਲਾ ਕੇ ਪੜ੍ਹ ਲੈ,
ਲੀਰੋ ਲੀਰ ਹੋ ਗਿਆ, ਖ਼ਵਾਬ ਲੈ ਕੇ ਆਏ ਹਾਂ।

ਦਾਤਿਆਂ ਨੂੰ ਮੰਗਤੇ ਬਣਾਉਣ ਲੱਗੀ ਦਿੱਲੀਏ,
ਦਰਦਾਂ 'ਚ ਵਿੰਨ੍ਹਿਆ ਪੰਜਾਬ ਲੈ ਕੇ ਆਏ ਹਾਂ।

❑

ਗ਼ਜ਼ਲ

ਰੰਗ ਬਰੰਗੇ ਵਸਤਰ ਨੇ ਪਰ ਜ਼ਿੰਦਗੀ ਕਿਉਂ ਬਦਰੰਗ ਵੇ ਲੋਕਾ।
ਚਾਵਾਂ ਨੂੰ ਦੱਸ ਕੌਣ ਮਸਲਦਾ, ਕਰਦਾ ਖੱਜਲ ਤੰਗ ਵੇ ਲੋਕਾ।

ਹਰ ਸੱਸੀ ਦੇ ਪੈਰਾਂ ਥੱਲੇ ਅੱਜ ਵੀ ਤਪਦੀ ਰੇਤ ਥਲਾਂ ਦੀ,
ਰਾਂਝੇ ਦੀ ਥਾਂ ਹੀਰ ਦੇ ਲੇਖੀਂ, ਹਰ ਥਾਂ ਖੇੜੇ ਝੰਗ ਵੇ ਲੋਕਾ।

ਸਾਡੇ ਕੋਲੋਂ ਸੱਤਿਆ ਲੈ ਕੇ ਸਾਨੂੰ ਆਣ ਸਤਾਉਂਦੇ ਕਿਉਂ ਨੇ,
ਕੌਣ ਕਹੇਗਾ ਤਾਜ ਤਖ਼ਤ ਨੂੰ ਇਹ ਕਿੱਧਰਲਾ ਢੰਗ ਵੇ ਲੋਕਾ।

ਸੱਪ ਦੀ ਜੂਨ ਪਏ ਨੇ ਬੰਦੇ ਰੀਂਘ ਰਹੇ ਵੀ ਜ਼ਹਿਰਾਂ ਸੁੱਟਣ,
ਨਾਗ ਪਟਾਰੀ ਵਿੱਚੋਂ ਨਿਕਲੇ ਮਾਰਨ ਸਾਨੂੰ ਡੰਗ ਵੇ ਲੋਕਾ।

ਜਿੰਨੀ ਪੂੰਜੀ ਜਿਸਮ ਦੇ ਅੰਦਰ ਤੁਪਕਾ ਤੁਪਕਾ ਅਰਪਨ ਕੀਤੀ,
ਰੱਤੀ ਰੱਤ ਬਚੀ ਨਾ ਪਿੱਛੇ ਹੋਰ ਨਾ ਸਾਥੋਂ ਮੰਗ ਵੇ ਲੋਕਾ।

ਮੇਰੇ ਮਨ ਦੇ ਅੰਦਰ ਜਿਹੜੇ ਵੈਰੀ ਭੇਸ ਬਦਲ ਕੇ ਫਿਰਦੇ,
ਸਭ ਤੋਂ ਪਹਿਲਾਂ ਭੇਖਧਾਰੀਆਂ ਨਾਲ ਕਰਾਂਗੇ ਜੰਗ ਵੇ ਲੋਕਾ।

ਸੁਰਖ਼ ਬੂਟੀਆਂ ਵਾਹੀ ਜਾਂਦੇ, ਜ਼ਿੰਦਗੀ ਪੈਰੀਂ ਕੱਚ ਦੇ ਟੋਟੇ,
ਟੁਕੜੇ ਚੁਗਣ ਆਸਾਨ ਨਹੀਂ ਜਦ ਤਿੜਕੇ ਵੀਣੀਉਂ ਵੰਗ ਵੇ ਲੋਕਾ।

●

ਗ਼ਜ਼ਲ

ਦੁਨੀਆ ਵਾਲੇ ਮੇਲੇ ਅੰਦਰ ਅਜਬ ਜਿਹਾ ਦਸਤੂਰ ਵੇਖਿਆ।
ਸੁਖ ਵੇਲੇ ਜੋ ਸਭ ਤੋਂ ਨੇੜੇ, ਦੁੱਖ ਵੇਲੇ ਉਹ ਦੂਰ ਵੇਖਿਆ।

ਤੈਨੂੰ ਮੈਨੂੰ ਪਰਖ਼ਣ ਵਾਲਾ ਆਪਣੀ ਵਾਰੀ ਭੱਜਦਾ ਤੱਕਿਆ,
ਦੂਸਰਿਆਂ ਲਈ ਜ਼ਹਿਰ-ਪਿਆਲਾ ਨੱਕੋ ਨੱਕ ਭਰਪੂਰ ਵੇਖਿਆ।

ਧਰਤੀ ਅੰਬਰ ਜਿੱਥੇ ਮਿਲਦੇ, ਦੂਰ ਦੋਮੇਲ ਕਿਸੇ ਨਾ ਡਿੱਠਾ,
ਜਿਹੜਾ ਸਭ ਨੂੰ ਨੇੜੇ ਲੱਗਿਆ, ਓਹੀ ਸਭ ਤੋਂ ਦੂਰ ਵੇਖਿਆ।

ਮੈਂ ਤਾਂ ਆਪਣੇ ਬਾਬੇ ਨੂੰ ਵੀ ਹਰ ਪਲ ਤੁਰਦੇ ਤੁਰਦੇ ਤੱਕਿਆ,
ਸੁਪਨੇ ਵਿੱਚ ਵੀ ਅੱਕਿਆ ਥੱਕਿਆ ਨਾ ਹੀ ਟੁੱਟ ਕੇ ਚੂਰ ਵੇਖਿਆ।

ਮੇਰੇ ਲਈ ਕਰਤਾਰਪੁਰੀ ਵੀ ਕਿਰਤ ਕਰਮ ਦੀ ਪਾਵਨ ਭੂਮੀ,
ਜਪੁਜੀ ਸਿਰਜਣਹਾਰ ਦੇ ਨੈਣੀਂ ਸਦ ਵਿਸਮਾਦੀ ਨੂਰ ਵੇਖਿਆ।

ਮੈਂ ਆਪਣੇ ਤੋਂ ਪਾਰ ਖਲੋ ਕੇ ਜਦ ਵੀ ਚਾਰ ਚੁਫ਼ੇਰੇ ਤੱਕਿਆ,
ਕਾਦਰ ਦੀ ਕੁਦਰਤ ਦੇ ਅੰਦਰ ਕਣ ਕਣ ਅਜਬ ਸਰੂਰ ਵੇਖਿਆ।

ਬਹੁਤ ਕਹਾਂ ਪਰ ਸਮਝਾਂ ਨਾ ਮੈਂ ਇਸ ਨੁਕਤੇ ਦੀ ਸਰਲ ਵਿਆਖਿਆ,
ਭਰਮਜਾਲ ਵਿੱਚ ਜਦ ਵੀ ਫਸਿਆਂ ਟੁੱਟਦਾ ਸਦਾ ਗਰੂਰ ਵੇਖਿਆ।
●